# ਮੇਰਾ ਪਿੰਡ

(ਸੋਧਿਆ ਅਤੇ ਵਧਾਇਆ ਸੱਤਵਾਂ ਐਡੀਸ਼ਨ)

ਗਿਆਨੀ ਗੁਰਦਿੱਤ ਸਿੰਘ

ਪ੍ਰਕਾਸ਼ਕ :
ਸਾਹਿੱਤ ਪ੍ਰਕਾਸ਼ਨ
56, ਸੈਕਟਰ 4, ਚੰਡੀਗੜ੍ਹ ।

**Mera Pind**
By
Giani Gurdit Singh

| | | |
|---|---|---|
| *©* | *:* | *Author* |
| *Title* | *:* | *MERA PIND* |
| *First Edition* | *:* | *1961* |
| *Second "* | *:* | *1963* |
| *Third "* | *:* | *1974* |
| *Fourth "* | *:* | *1981* |
| *Fifth "* | *:* | *1995* |
| *Sixth "* | *:* | *1998* |
| *Seventh "* | *:* | *2003* |
| *Price* | *:* | *Rs. 225/-* |
| *Publisher* | *:* | *Sahit Parkashan, 56, Sector 4, Chandigarh* |
| *Website* | *:* | *www.gianigurditsingh.com* |
| *Cover Design* | *:* | *R.M. Singh* |

# ਤਤਕਰਾ


| | | |
|---|---|---|
| ਪ੍ਰਵੇਸ਼ | ਮਹਿੰਦਰ ਸਿੰਘ ਰੰਧਾਵਾ | ੧ |
| ਭੂਮਿਕਾ | ਪ੍ਰਤਾਪ ਸਿੰਘ ਕੈਰੋਂ | ੫ |
| ਪੰਜਾਬ ਪ੍ਰਾਂਤ ਦਾ ਵਾਸਤਵਿਕ ਚਿੱਤਰ | ਜੋਧ ਸਿੰਘ (ਪ੍ਰਿੰਸੀਪਲ) | ੮ |
| ਪ੍ਰਸੰਸਾ | ਸ. ਗੁਰਬਖਸ਼ ਸਿੰਘ | ੯ |
| ਸੁਆਗਤ | ਪ੍ਰੋ. ਪ੍ਰੀਤਮ ਸਿੰਘ | ੧੨ |

੧. ਮੇਰੇ ਪਿੰਡ ਦਾ ਮੂੰਹ ਮੱਥਾ ੧੫
੨. ਮੇਰੇ ਵੱਡੇ ਵਡੇਰੇ ੨੫
੩. ਮੇਰਾ ਬਚਪਨ ੩੩
੪. ਮੇਰੇ ਪਿੰਡ ਦਾ ਆਂਢ ਗੁਆਂਢ ੪੫
੫. ਕੰਮ-ਧੰਦ ਤੇ ਆਹਰ ਪਾਹਰ ੫੬
੬. ਮੇਰੇ ਪਿੰਡ ਦੇ ਇਸ਼ਟ ੬੮
੭. ਸੰਤਾਂ ਸਾਧਾਂ ਲਈ ਸ਼ਰਧਾ ੭੮
੮. ਹਾੜ੍ਹਾਂ ਦੇ ਦੁਪਹਿਰੇ ੯੭
੯. ਸਿਆਲਾਂ ਦੀਆਂ ਧੂਣੀਆਂ ੧੧੫
੧੦. ਮੇਰੇ ਪਿੰਡ ਦੇ ਗਾਲੜੀ ੧੨੩
੧੧. ਭਾਂਤ ਸੁਭਾਂਤੀ ਦੁਨੀਆਂ ੧੪੬
੧੨. ਵਹਿਮ ਭਰਮ ੧੭੨
੧੩. ਤਿੱਥ ਤਿਉਹਾਰ ੧੯੪
੧੪. ਤੀਆਂ ੨੪੫
੧੫. ਵੰਗਾਂ ਤੇ ਮਹਿੰਦੀ ੨੫੬
੧੬. ਤੀਆਂ ਦਾ ਗਿੱਧਾ ੨੬੨
੧੭. ਤ੍ਰਿੰਝਣ ੨੭੭


## ਭਾਗ ਦੂਜਾ


੧੮. ਜਨਮ ਸਮੇਂ ਦੀਆਂ ਰੀਤਾਂ ੨੯੨
੧੯. ਮੁੰਡੇ ਦੀ ਛਟੀ ੩੦੨
੨੦. ਵਿਆਹ ਸ਼ਾਦੀ ਦੀ ਤਿਆਰੀ ੩੧੮
੨੧. ਵਿਆਹ ੩੪੨
੨੨. ਬਾਬਲ ਤੇਰਾ ਪੁੰਨ ਹੋਵੇ ੩੬੩
੨੩. ਢੋਲਕ ਗੀਤ ੩੭੭
੨੪. ਦਿਉਰ ਭਾਬੀ ੩੮੨
੨੫. ਲਾਵਾਂ ਤੇ ਫੇਰੇ ੪੦੩
੨੬. ਕੁੜੀ ਦੀ ਵਿਦਾਈ ੪੪੦
੨੭. ਨਾਨਕ-ਛੱਕ ਦਾ ਗਿੱਧਾ ੪੬੪
੨੮. ਮਰਨ ਸਮੇਂ ਦੀਆਂ ਰਸਮਾਂ ੪੯੧
੨੯. ਸਿਆਪਾ ੫੧੮

* *


| | | | |
|---|---|---|---|
| ੧. | ਵਾਰਤਕ ਦੇ ਮੈਦਾਨ ਵਿੱਚ ਝੰਡਾ | ਈਸ਼ਵਰ ਚਿੱਤਰਕਾਰ | ੪੨੩ |
| ੨. | ਲੋਕ ਪਰੰਪਰਾ ਦਾ ਨਵਾਂ ਜਨਮ | ਦੇਵਿੰਦਰ ਸਤਿਆਰਥੀ | ੫੨੪ |
| ੩. | Delightful Essay | Khushwant Singh | ੫੨੫ |
| ੪. | ਇਤਿਹਾਸਕ ਮਹੱਤਵ | ਜੈ ਚੰਦਰ ਵਿੱਦਿਆ ਲੰਕਾਰ | ੫੨੫ |
| ੫. | ਧੜਕਦਾ ਸੋਹਜ, ਮਲੂਕ ਕਲਾ ਦ੍ਰਿਸ਼ | ਡਾ. ਹਰਿਭਜਨ ਸਿੰਘ | ੫੨੬ |
| ੬. | ਇੱਕ ਵਿਅੰਗ ਭਰੀ ਵੰਗਾਰ | ਸੰਤ ਸਿੰਘ ਸੇਖੋਂ | ੫੨੮ |
| ੭. | ਸੰਦਲੀ ਸ਼ਰਬਤ ਦਾ ਗਲਾਸ | ਸ. ਨਾਨਕ ਸਿੰਘ | ੫੨੯ |
| ੮. | ਅਜੋਕੇ ਭਾਰਤੀ ਸਾਹਿਤ ਭੰਡਾਰੇ ਦਾ ਅਦੁੱਤੀ ਸ਼ਾਹਕਾਰ | ਬਲਰਾਜ ਸਾਹਨੀ | ੫੩੦ |
| ੯. | Punjabi Belles-Letter | Gurbachan Singh Talib | ੫੩੧ |
| ੧੦. | Life as Culture history of Malwa | Dr. Jaspal Singh | ੫੩੩ |
| ੧੧. | ਕੁਝ ਲੇਖਕ ਬਾਰੇ | | ੫੩੭ |

# ਪੁਸਤਕ ਬਾਰੇ ਕੁਝ ਗੱਲਾਂ

੧੯੫੬ ਵਿੱਚ ਪਟਿਆਲਾ ਅਤੇ ਪੰਜਾਬ ਦੀਆਂ ਰਿਆਸਤਾਂ ਦੀ ਯੂਨੀਅਨ ਦੇ ਸਾਰੇ ਰਾਜ, ਉਸ ਵੇਲੇ ਦੇ ਪੂਰਬੀ ਪੰਜਾਬ, ਜਿਸ ਵਿਚ ਹਰਿਆਣਾ ਤੇ ਹਿਮਾਚਲ ਵੀ ਸ਼ਾਮਿਲ ਸਨ, ਇਕ ਸੂਬਾ ਬਣਾਏ ਗਏ। ਜਿਸ ਨੂੰ ਹਿੰਦੀ ਤੇ ਪੰਜਾਬੀ ਰੀਜਨਲ ਕਮੇਟੀਆਂ ਵਿਚ ਵੰਡਿਆ ਗਿਆ। ਇਨ੍ਹਾਂ ਰਾਜਾਂ ਦੇ ਏਕੀਕਰਣ ਵੇਲੇ ਪਹਿਲੀ ਨਵੰਬਰ ਦੇ ਦਿਨ ਉਤੇ ਅਖ਼ਬਾਰਾਂ ਦੇ ਵਿਸ਼ੇਸ਼ ਅੰਕ ਕੱਢੇ ਗਏ । ਮੈਂ ਭੀ ਪਟਿਆਲਾ ਤੋਂ ਆਪਣੇ ਅਖ਼ਬਾਰ, 'ਪ੍ਰਕਾਸ਼' ਦਾ ਅੰਕ ਕੱਢਿਆ, ਉਸ ਅੰਕ ਵਿੱਚ 'ਮੇਰਾ ਪਿੰਡ' ਲੇਖ ਛਾਪਿਆ । ਇਹ ਲੇਖ ਹੁਣ 'ਮੇਰੇ ਪਿੰਡ ਦਾ ਮੂੰਹ ਮੱਥਾ' ਦੇ ਨਾਂ ਤੇ ਇਸ ਪੁਸਤਕ ਦਾ ਭਾਗ ਬਣਿਆ ਹੈ ਅਤੇ, ਜੋ ਇਸ ਪੁਸਤਕ ਦੇ ਆਰੰਭ ਵਿਚ ਹੈ, ਫਿਰ ਕੁਝ ਹੋਰ ਲੇਖ 'ਜਾਗਰਤੀ' ਅਤੇ 'ਪੰਜਾਬੀ ਦੁਨੀਆਂ' ਵਿਚ ਛਪੇ ।

'ਮੇਰਾ ਪਿੰਡ' ਪੁਸਤਕ ਦੇ ਪਹਿਲੇ ਭਾਗ ਦੇ (ਟਾਈਪ) ਖਰੜੇ ਨੂੰ ੧੯੫੯ ਦਾ ਪਹਿਲੇ ਦਰਜੇ ਦੀ ਵਾਰਤਕ ਦਾ ਪੰਜਾਬੀ (ਭਾਸ਼ਾ) ਵਿਭਾਗ ਦਾ ਇਨਾਮ ਹਿੱਸੇ ਆਇਆ, ਉਸ ਵੇਲੇ ਪੋਥੀ ਵਿਚ ਇਹ ਲੇਖ ਸ਼ਾਮਿਲ ਨਹੀਂ ਸਨ: 'ਮੇਰਾ ਬਚਪਨ', 'ਮੇਰੇ ਵੱਡੇ ਵਡੇਰੇ', 'ਡਾਕਖ਼ਾਨਾ ਖ਼ਾਸ', 'ਮੇਰੇ ਪਿੰਡ ਦੇ ਕੰਮ ਧੰਦੇ' ਤੇ 'ਮੇਰੇ ਪਿੰਡ ਦਾ ਪਾਸ-ਪੜੋਸ' ।

ਪ੍ਰਸਿੱਧ ਇਤਿਹਾਸਕਾਰ ਸ੍ਰੀ ਜੈ ਚੰਦਰ ਵਿਦਿਆਲੰਕਰ ਨੇ ਪੁਸਤਕ ਪੜ੍ਹੀ, ੧੬ ਸਫ਼ੇ ਦਾ ਲੰਮਾ ਲੇਖ ਏਸ ਭਾਂਤ ਦੀਆਂ ਪੁਸਤਕਾਂ ਦੇ ਮਹੱਤਵ ਬਾਰੇ ਗੁਰਮੁੱਖੀ ਵਿਚ ਉਨ੍ਹਾਂ ਖੁਦ ਲਿਖਿਆ ਜਿਸ ਵਿੱਚੋਂ ਟੂਕ ਮਾਤਰ ਅੱਗੇ ਵੱਖਰਾ ਨੋਟ ਦਿੱਤਾ ਹੈ । ਉਸ ਵੱਡੇ ਲੇਖ ਵਿਚ ਪੁਸਤਕ ਦੇ ਸਾਹਿਤਿਕ ਪੱਖਾਂ ਦੇ ਨਾਲ ਢੁਕਵੇਂ ਮੁਹਾਵਰੇ ਤੇ ਵਰਤੇ ਸ਼ਬਦਾਂ ਦੀ ਵਰਤੋਂ ਦੀ ਸ਼ਲਾਘਾ, ਉਨ੍ਹਾਂ ਕੀਤੀ । ਉਨ੍ਹਾਂ ਦੀ ਦ੍ਰਿਸ਼ਟੀ ਵਿਚ ਪੁਸਤਕ ਨੂੰ ਆਪਣੇ ਸਥਾਨ ਦੀ ਮਾਲਕ ਇਸ ਲਈ ਮੰਨਣਯੋਗ ਹੈ ਕਿ ਆਪਣੇ ਸਮੇਂ ਦੇ ਸਮਾਜ ਦੀ ਸੱਚੀ ਅੰਦਰੂਨੀ ਤੇ ਬਾਹਰਮੁੱਖੀ ਤਸਵੀਰ ਵੀ ਹੈ । ਉਨ੍ਹਾਂ ਨੇ ਇਸ ਨੂੰ ਇਤਿਹਾਸਿਕ ਪਹਿਲੂ ਤੋਂ ਚਿਰੰਜੀਵ ਹੋਣ ਦੀ ਸ਼ੁਭ ਭਾਵਨਾ ਪ੍ਰਗਟਾਈ।

ਆਚਾਰੀਆ ਹਜ਼ਾਰੀ ਪ੍ਰਸ਼ਾਦਿ ਦ੍ਵਿਵੇਦੀ ਨੂੰ ਇਕ ਆਲੋਚਕ ਦੇ ਤੌਰ ਤੇ ਪੰਜਾਬ ਸਰਕਾਰ ਵੱਲੋਂ ਪੁਸਤਕ ਪੜ੍ਹਨ ਲਈ ਦਿੱਤੀ ਗਈ । ਹਿੰਦੀ ਦੇ ਤਾਂ ਉਹ ਸਿਰਮੌਰ ਵਿਦਵਾਨ ਹੈ ਹੀ ਸਨ, ਸੰਸਕ੍ਰਿਤ ਅਪਭ੍ਰੰਸ਼ ਦੇ ਭੀ ਮੰਨੇ ਹੋਏ ਵਿਦਵਾਨ ਸਨ। ਉਨ੍ਹਾਂ ਪੁਸਤਕ ਪੜ੍ਹੀ, ਗੱਦ-ਗੱਦ ਹੋ ਕੇ ਲੇਖਕ ਨੂੰ ਪ੍ਰਸੰਸਾ ਦੇ ਪ੍ਰਸਾਦਿ ਨਾਲ ਨਿਵਾਜਿਆ । ਸੁੰਦਰ ਹੌਲੀ ਸ਼ੈਲੀ ਵਿੱਚ ਰਚੇ ਗਏ 'ਸੰਵਾਦਾਂ' ਵਿੱਚ ਰੌਚਕ-ਵਾਰਤਾਲਾਪਾਂ ਨੂੰ ਵਧੇਰੇ ਸਲਾਹਿਆ। ਵਿਸ਼ੇ ਵਸਤੂ ਦੇ ਪੱਖ ਤੋਂ ਸੱਚੀ ਪ੍ਰਸੰਨਤਾ ਪ੍ਰਗਟਾਈ ਕਿ ਇੱਕ ਪ੍ਰਦੇਸ਼ਕ ਭਾਸ਼ਾ ਵਿੱਚ ਪਾਤਰਾਂ ਦੀਆਂ ਸੂਕਤੀਆਂ ਆਈਆਂ ਹਨ । ਉਨ੍ਹਾਂ ਇਹ ਭੀ ਕਿਹਾ ਕਿ ਪੁਸਤਕ ਨੂੰ ਪੜ੍ਹ ਕੇ ਪੰਜਾਬੀ ਲੋਕਾਂ ਦੀ ਅੰਦਰੂਨੀ ਰੂਹ ਨਾਲ ਵੀ ਮੇਲ ਹੋਇਆ ਹੈ, ਨਾਲ ਹੀ ਇਸ ਪੁਸਤਕ ਕਾਰਨ ਮੈਨੂੰ ਪੰਜਾਬੀ ਦਾ ਅਭਿਆਸ ਵੀ ਹੋਇਆ ਹੈ ।

ਆਚਾਰੀਆ ਜੀ ਪਹਿਲਾਂ 'ਸ਼ਾਂਤੀ ਨਿਕੇਤਨ' ਹਿੰਦੀ ਵਿਭਾਗ ਦੇ ਮੁਖੀ ਰਹੇ ਸਨ । ਉਹਨਾਂ ਦੇ ਪੁਰਾਣੇ ਸਾਥੀ ਬਲਰਾਜ ਸਾਹਨੀ ਜੀ ਪੰਜਾਬ ਦੇ ਦੌਰੇ ਤੇ ਆਏ, ਪੁਸਤਕ ਪੜ੍ਹਨ ਦੀ ਪ੍ਰੋ. ਮੋਹਨ ਸਿੰਘ ਜੀ ਨੇ ਸਿਫ਼ਾਰਸ਼ ਕੀਤੀ । ਕੁਝ ਦਿਨ ਪੰਜਾਬ ਰਹਿ ਕੇ ਉਨ੍ਹਾਂ ਪੁਸਤਕ ਪੜ੍ਹੀ ਤੇ ਬੰਬਈ ਜਾ ਕੇ ਚਿੱਠੀ ਲਿਖੀ, ਉਸ ਵਿਚ ਪਿਆਰ ਤੇ ਡੂੰਘੀ ਪ੍ਰਸੰਸਾ ਦੇ ਭਾਵ ਪ੍ਰਗਟਾਏ । ਚਿੱਠੀ ਪੰਜਾਬੀ (ਗੁਰਮੁਖੀ ਲਿਪੀ) ਵਿਚ ਹੈ । ਥੋੜ੍ਹੀ ਦੇਰ ਬਾਅਦ ਉਹ ਚੰਡੀਗੜ੍ਹ ਆਏ, ਆਚਾਰੀਆ ਹਜ਼ਾਰੀ ਪ੍ਰਸ਼ਾਦ ਨਾਲ ਲੇਖਕ ਦੇ ਘਰ ਦਰਸ਼ਨ ਦੇ ਕੇ ਨਿਵਾਜਿਆ, ਉਸ ਪਿਛੋਂ ਮੈਨੂੰ ਦੋ ਵਾਰੀ ਬੰਬਈ ਸੱਦਿਆ, ਆਪਣੇ ਪਾਸ ਰੱਖਿਆ, ਬਹੁਤ ਸਾਰੇ ਫ਼ਿਲਮੀ ਮਿੱਤਰਾਂ ਅਤੇ ਆਪਣੀ ਮਾਤਾ ਜੀ ਅਤੇ ਭਰਾਤਾ ਨਾਲ ਮਿਲਾਇਆ। ਬੰਬਈ ਦੀਆਂ ਇਤਿਹਾਸਿਕ ਗੁਫ਼ਾਂ ਤੇ ਹੋਰ ਬਹੁਤ ਕੁਝ ਦਿਖਾਇਆ । ਉਨ੍ਹਾਂ ਦੇ ਖ਼ਿਆਲ ਵਿਚ ਪੰਜਾਬ ਦੇ ਲੋਕ-ਜੀਵਨ ਬਾਰੇ ਮੇਰੀ ਜਾਣਕਾਰੀ ਤੇ ਗਿਆਨ ਵਿੱਚ ਹੋਰ ਵਾਧਾ ਹੋ ਸਕਦਾ ਹੈ, ਜੇ ਮੈਂ ਪਾਕਿਸਤਾਨ ਵਿਚਰਾਂ, ਓਧਰਲੇ ਪੰਜਾਬ ਦੀ ਜ਼ਿੰਦਗੀ ਭੀ ਦੇਖ ਆਵਾਂ । ਇਸ ਮਨੋਰਥ ਲਈ ਸ: ਕੈਰੋਂ ਨੂੰ ਉਨ੍ਹਾਂ ਕਿਹਾ, ਤੇ ਇਉਂ ਉਦੋਂ ਮੈਂ ੨੦ ਕੁ ਦਿਨ ਦਾ ਪਾਕਿਸਤਾਨੀ ਪੰਜਾਬ ਦਾ ਦੌਰਾ ਭੀ ਕੀਤਾ। ਇਤਿਹਾਸਿਕ ਥਾਂਵਾਂ ਤੇ ਓਧਰਲੇ ਲੋਕਾਂ ਨੂੰ ਮਿਲਿਆ । ਹੜੱਪਾ, ਮੁਲਤਾਨ, ਪਾਕ ਪਟਨ, ਸਿਆਲਕੋਟ ਆਦਿ ਥਾਵਾਂ ਦੇਖੀਆਂ ।

ਆਰੰਭ ਵਿੱਚ, ਜਿਵੇਂ ਅਣਭੋਲ ਬੱਚੇ ਤੇ ਮਿੱਟੀ ਦੇ ਖਿਡਾਉਣੇ ਬਣਾਉਂਦਿਆਂ-੨ ਵਿੱਚੋਂ ਕੋਈ ਚੰਗਾ ਖਿਡਾਉਣਾ ਬਣ ਜਾਵੇ, ਜਦੋਂ ਮੈਂ ਪਹਿਲਾ ਲੇਖ ਲਿਖਿਆ ਸੀ, ਉਸ ਲੇਖ ਨੂੰ ਪ੍ਰੋ. ਪ੍ਰੀਤਮ ਸਿੰਘ ਨੇ ਪੜ੍ਹ ਕੇ ਅਜਿਹੇ ਹੋਰ ਲੇਖ ਲਿਖਣ ਦੀ ਪ੍ਰੇਰਨਾ ਕਰਦਿਆਂ ਕਿਹਾ ਕਿ ਇਸ ਕਿਸਮ ਦੇ ਧਰਤੀ ਦੀ ਗੰਧ-ਸੁਗੰਧ ਵਾਲੇ ਲੇਖ ਪੰਜਾਬੀ ਵਿੱਚ ਮੈਂ, ਹੋਰ ਲਿਖਾਂ । ਮੇਰੇ ਪਿੰਡ ਦੇ ਇਸ਼ਟ, ਸੰਤਾਂ ਸਾਧਾਂ ਲਈ ਸ਼ਰਧਾ, ਹਾੜ੍ਹਾਂ ਦੇ ਦੁਪਹਿਰੇ, ਸਿਆਲਾਂ ਦੀਆਂ ਧੂਣੀਆਂ, ਵਹਿਮ-ਭਰਮ, ਤੀਆਂ, ਤ੍ਰਿੰਞਣ ਲੇਖ ਉਸ ਸਮੇਂ ਲਿਖੇ । ਪੰਜਾਬੀ ਰਸਾਲਿਆਂ ਵਿੱਚ ਛਪਣ ਤੇ ਸਾਹਿਤ ਰਸੀਆਂ ਵੱਲੋਂ ਕਈ ਸੁਆਦਲੀਆਂ ਤੇ ਪ੍ਰੇਰਕ ਚਿੱਠੀਆਂ ਪ੍ਰਾਪਤ ਹੋਈਆਂ ।

ਜਿਵੇਂ ਐਮ. ਐਸ. ਰੰਧਾਵਾ ਜੀ ਨੇ ਲਿਖਿਆ ਹੈ, ਉਨ੍ਹਾਂ ਨਾਲ ੧੯੫੯ ਵਿੱਚ ਮੇਲ ਹੋਇਆ ਤਾਂ ਅੱਧ ਛਪਿਆ ਜਿਹਾ ਆਪਣੇ ਅਖ਼ਬਾਰ ਛਾਪਣ ਵਾਲੇ ਪ੍ਰੈਸ ਵਿੱਚ ਛਪਿਆ ਖਰੜਾ ਦੇਖ ਕੇ ਉਨ੍ਹਾਂ ਰੀਝ ਜਗਾਈ ਕਿ ਇਹ ਪੁਸਤਕ ਜਿਹੋ ਜਿਹੀ ਸੋਹਣੀ ਲਿਖੀ ਹੈ, ਉਹੋ ਜਿਹੀ ਸੋਹਣੀ-ਸੋਹਣੀ ਛਪਾਉਣੀ ਚਾਹੀਦੀ ਹੈ ।ਸ੍ਰੀ ਈਸ਼ਵਰ ਚਿੱਤਰਕਾਰ ਤੋਂ ਪੁਸਤਕ ਸਚਿਤ੍ਰ ਕਰਾ ਕੇ ਨਵਯੁਗ ਪ੍ਰੈਸ ਵਿਚ ਪ੍ਰੀਤਮ ਸਿੰਘ ਰਾਹੀਂ ਛਾਪੀ। ਇਸ ਤਰ੍ਹਾਂ ਦੀ ਸੁੰਦਰ ਛਪਾਈ ਦਾ ਸਾਰਾ ਉਤਸ਼ਾਹ ਸ੍ਰੀਮਤੀ ਇੰਦਰਜੀਤ ਕੌਰ ਨੇ ਦਿੱਤਾ ।

ਭਾਈ ਜੋਧ ਸਿੰਘ ਜੀ ਉਸ ਸਮੇਂ ਮੇਰੇ ਨਾਲ ਪੰਜਾਬ ਕੌਂਸਲ ਦੇ ਮੈਂਬਰ ਸਨ ਤੇ ਉਨ੍ਹਾਂ ਨੇ ਵੀ ਪੁਸਤਕ ਪੜ੍ਹ ਕੇ ਆਪਣੇ ਮਨੋਭਾਵ ਲਿਖਣ ਦੀ ਕ੍ਰਿਪਾਲਤਾ ਕੀਤੀ । ਸੁਝਾਉ ਵੀ ਦਿੱਤੇ ਕਿ ਕਈ ਮਲਵਈ ਸ਼ਬਦਾਂ ਨਾਲ, ਬ੍ਰੈਕਟਾਂ ਵਿਚ, ਸਰਲ ਸ਼ਬਦ ਵੀ ਪਾ ਦਿੱਤੇ ਜਾਣ ।

ਸ: ਪ੍ਰਤਾਪ ਸਿੰਘ ਕੈਰੋਂ ਜੀ ਨੂੰ, ਜੋ ਉਸ ਵੇਲੇ ਮੁਖ ਮੰਤਰੀ ਸਨ ਤੇ ਪੁਸਤਕ ਖਰੜੇ ਦੇ ਰੂਪ ਵਿਚ ਹੀ ਸੀ, ਮੈਂ ਆਪਣੇ ਪਿੰਡ ਸਕੂਲ ਦਾ ਨੀਂਹ ਪੱਥਰ ਰਖਵਾਉਣ ਲਈ ਲੈ ਜਾਣ ਸਮੇਂ ਕਾਪੀ ਪੜ੍ਹਨ ਨੂੰ ਦਿੱਤੀ। ਉਨ੍ਹਾਂ ਰਾਹ ਜਾਂਦਿਆਂ ਪੜ੍ਹੀ ਤੇ ਗੱਡੀ ਦੀ ਸੀਟ ਉੱਤੇ ਖ਼ੁਸ਼ੀ ਨਾਲ ਬੁੜ੍ਹਕਦੇ ਰਹੇ । ਉਹ ਮੁੜ-ਮੁੜ ਕਹਿਣ 'ਡਿਕਨਜ਼' ਮਾਤ ਪਾ ਦਿੱਤਾ ਹੈ । ਦੂਜਾ ਭਾਗ ਜੋ ਅਧੂਰਾ ਜਿਹਾ ਸੀ, ਉਨ੍ਹਾਂ ਦੀ ਪ੍ਰੇਰਨਾ ਤੇ ਉਤਸ਼ਾਹ ਨਾਲ ਤੋੜ ਚੜ੍ਹਿਆ । ਪੁਸਤਕ ਦੀ ਤਕਰੀਬਨ ਸਾਰੀ ਐਡੀਸ਼ਨ ਹੀ ਪੰਜਾਬ ਸਰਕਾਰ ਵੱਲੋਂ ਖ਼ਰੀਦ ਲਈ ਗਈ । ਇਸ ਪੁਸਤਕ ਵਿੱਚੋਂ ਪੰਜਾਬ ਦੇ ਸਕੂਲਾਂ ਲਈ ਸਪਲੀਮੈਂਟਰੀ ਰੀਡਰਾਂ (ਪੰਜਵੀਂ ਤੋਂ ਅੱਠਵੀ ਤੱਕ) ਪੁਸਤਕਾਂ ਦੇ ਰੂਪ ਵਿਚ ਪੰਜਾਬ ਦੇ ਸਭਨਾਂ ਸਕੂਲਾਂ ਵਿੱਚ ਪੜ੍ਹੇ ਜਾਣ ਲਈ ਲਗਵਾ ਦਿੱਤੀਆਂ; ਜਿਸ ਨਾਲ ਪਾਠਕਾਂ ਦਾ ਘੇਰਾ ਵਿਸ਼ਾਲ ਹੋਇਆ ਅਤੇ ਹਜ਼ਾਰਾਂ ਬੱਚਿਆਂ ਨੇ ਉਹ ਪੁਸਤਕਾਂ ਪੜ੍ਹੀਆਂ ਅਤੇ ਟੀਚਰਾਂ ਨੇ ਪੜ੍ਹਾਈਆਂ। ਇਹ ਪੁਸਤਕ ਯੂਨੀਵਰਸਿਟੀਆਂ ਵਿਚ ਗਿਆਨੀ ਦੇ ਕੋਰਸ ਲਈ ਵੀ ਪੜ੍ਹਾਈ ਜਾਂਦੀ ਰਹੀ ਹੈ। ਹੁਣ ਪੰਜਾਬ ਤੇ ਦਿੱਲੀ ਦੀਆਂ ਯੂਨੀਵਰਸਿਟੀਆਂ ਵਿਚ ਐਮ.ਏ. ਦੀਆਂ ਕਲਾਸਾਂ ਵਿੱਚ ਪੜ੍ਹੀ ਤੇ ਪੜ੍ਹਾਈ ਜਾ ਰਹੀ ਹੈ ।

ਕੁਝ ਵਿਦਵਾਨਾਂ ਤੇ ਪੁਸਤਕਾਂ ਉਪੱਰ ਲਿਖਣ-ਪੜ੍ਹਨ ਵਾਲਿਆਂ ਨੇ ਦੱਸਿਆ ਹੈ ਕਿ ਕੁਝ ਪੰਜਾਬੀ ਦੇ ਵਿਦਆਰਥੀ ਇਸ ਪੁਸਤਕ ਉਤੇ ਐਮ. ਫਿਲ ਕਰ ਚੁੱਕੇ ਹਨ। ਦੋ-ਤਿੰਨ ਵੱਖੋ ਵੱਖਰੀਆਂ ਯੂਨੀਵਰਸਿਟੀਆਂ ਵਿਚ ਪੀ.ਐਚ.ਡੀ. ਕਰ ਰਹੇ ਵੀ ਦੱਸੇ ਗਏ ਹਨ। ਸੋਸ਼ਿਆਲੋਜੀ ਉਪਰ ਖੋਜ ਕਰਨ ਵਾਲੇ ਵਿਦੇਸ਼ੀ ਵਿਦਵਾਨਾਂ ਨੇ ਵੀ ਇਸ ਕਿਤਾਬ ਨੂੰ ਆਪਣੇ ਪੱਖਾਂ ਤੋਂ ਪੜ੍ਹਿਆ ਤੇ ਵਿਚਾਰਿਆ ਹੈ।

ਉਂਞ ਤਾਂ ਹਰ ਐਡੀਸ਼ਨ ਛਾਪਣ ਵੇਲੇ ਕੁਝ ਵਾਧੇ ਤੇ ਸੋਧਾਂ ਕੀਤੀਆਂ ਜਾਂਦੀਆਂ ਰਹੀਆਂ ਹਨ, ਇਸ ਵਾਰੀ ਲੋਕ ਸਿਆਣਪਾਂ ਦੇ ਹੋਰ ਤਿੰਨ ਲੇਖ ਜੋ ਪਹਿਲੀ ਐਡੀਸ਼ਨ ਵਿੱਚ ਸਨ ਹੁਣ ਮੁੜ ਪਾਏ ਗਏ ਹਨ।

ਪੰਜਾਬੀ ਦੇ ਉਚ ਕੋਟੀ ਦੇ ਸਾਹਿਤਕਾਰਾਂ ਨੇ ਇਸ ਪੁਸਤਕ ਬਾਰੇ ਇਕ ਤੋਂ ਵਧੀਕ ਦੂਜੇ ਨੇ ਸੁੰਦਰ ਲਿਖਿਆ ਹੈ, ਉਸ ਤੋਂ ਮਨ ਵਿਚ ਇਹ ਇੱਛਾ ਕੰਮ ਕਰਦੀ ਰਹੀ ਹੈ, ਕਾਸ਼ ! ਪ੍ਰਿੰਸੀਪਲ ਤੇਜਾ ਸਿੰਘ ਜੀ ਦੇ ਜੀਉਂਦੇ ਜੀਅ ਪੁਸਤਕ ਛਪ ਸਕਦੀ ਤੇ ਉਨ੍ਹਾਂ ਦਾ ਕੁਝ ਲਿਖਿਆ ਵੀ ਸ਼ਾਮਿਲ ਹੁੰਦਾ !

ਇਸ ਐਡੀਸ਼ਨ ਤੋਂ ਲੇਖਕ ਨੇ ਆਪਣੀ ਜੀਵਨ ਸਾਥੀ ਸ੍ਰੀਮਤੀ ਇੰਦਰਜੀਤ ਕੌਰ ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਟੀ ਪਟਿਆਲਾ ਅਤੇ ਚੇਅਰਮੈਨ ਸਲੇਕਸ਼ਨ ਕਮੀਸ਼ਨ, ਭਾਰਤ ਸਰਕਾਰ ਨੂੰ ਸਮਰਪਨ ਕੀਤੀ ਹੈ ਅਤੇ ਕਿਤਾਬ ਦਾ ਸਾਈਜ਼ ਵੀ ਵੱਡਾ ਕੀਤਾ ਗਿਆ ਹੈ।

ਪ੬ ਸੈਕਟਰ ੪ ਗੁਰਦਿੱਤ ਸਿੰਘ ਗਿਆਨੀ
ਚੰਡੀਗੜ੍ਹ ੩੧-੭-2003

# ਮੇਰਾ ਬਚਪਨ

ਜਦ ਬਾਪੂ ਬਾਪੂ ਕਹਿੰਦੇ ਸੀ ਬੜੇ ਸੁਖਾਲੇ ਰਹਿੰਦੇ ਸੀ ।
ਜਦ ਬਾਪੂ ਆਖਵਾਇਆ, ਬੜਾ ਦੁਖ ਪਾਇਆ ।



ਮੇਰਾ ਬਚਪਨ, ਮੇਰੇ ਪਿੰਡ ਦੀਆਂ ਜੀਵਨ-ਯਾਦਾਂ ਨਾਲ ਤਾਣੇ ਪੇਟੇ ਵਾਂਗ ਓਤ-ਪੋਤ ਹੈ । ਮੇਰੇ ਪਿੰਡ ਦੇ ਖੂਹ, ਟੋਭੇ, ਟਿੱਬਿਆਂ ਰੂੜੀਆਂ ਤੇ ਗੁਹਾਰੇ, ਪਿੱਪਲ-ਬਰੋਟੇ, ਬੇਰੀਆਂ- ਕਿੱਕਰਾਂ, ਜਿਨ੍ਹਾਂ ਨਾਲ ਖੇਡਦਿਆਂ ਮੱਲਦਿਆਂ, ਝੂਟਦਿਆਂ ਤੇ ਜਿੱਥੋਂ ਦੀਆਂ ਧੂੜਾਂ ਵਿਚ ਲਿਟਦਿਆਂ ਕੁੱਟਦਿਆਂ ਪਿੱਟਦਿਆਂ ਜੀਵਨ ਪੁੰਗਰਿਆ, ਪਿਛੋਕੜ ਵੱਲ ਪਾਈ ਇੱਕੋ ਝਾਤ ਵਿੱਚ ਸਭ ਨਜ਼ਾਰੇ ਨਜ਼ਰ ਆ ਜਾਂਦੇ ਹਨ ।

ਮੇਰੇ ਬਚਪਨ, ਉਨ੍ਹਾਂ ਮਹਾਨ ਬਣੇ, ਜਾਂ ਬਣ ਰਹੇ ਲਿਖਾਰੀਆਂ ਵਾਂਗ ਮੁੱਢੋਂ ਹੀ ਸ਼ਾਨਦਾਰ ਨਹੀਂ ਜਿਨ੍ਹਾਂ ਦੇ ਜ਼ਿੰਦਗੀ ਦੇ ਸੁਨਹਿਰੀ ਕਾਂਡਾਂ ਦਾ ਆਰੰਭ, ਆਦਿ-ਕਾਲ ਤੋਂ ਹੀ ਹੋ ਜਾਂਦਾ ਹੈ, ਤੇ ਉਹ 'ਹੋਣਹਾਰ ਬਿਰਵਾ ਕੇ ਚਿਕਨੇ ਪਾਤ' ਸਮਾਂ ਪਾ ਕੇ ਆਪਣੇ ਮੁੱਢਲੇ ਅਸਾਰਾਂ ਦੇ ਕਾਰਨ ਖੁਦ-ਬ-ਖੁਦ ਹੀ ਸਮੇਂ ਦੇ ਮਹਾਨ ਵਿਅਕਤੀ ਹੋ ਨਿੱਬੜਦੇ ਹਨ ।
ਇਹ ਛੋਟਾ ਜਿਹਾ ਲੇਖਕ ਤਾਂ ਜੀ ਇਕ ਬਹੁਤ ਹੀ ਛੋਟੀ ਰਿਆਸਤ ਦੇ ਛੋਟੇ ਜਿਹੇ ਪਿੰਡ ਵਿੱਚ, ਗਿਣਤੀ ਦੇ ਲਿਹਾਜ਼ ਨਾਲ ਇੱਕ ਘੱਟ-ਗਿਣਤੀ ਦੀ ਸ਼੍ਰੇਣੀ ਦੇ ਘਰ, ਸਿਆਲਾਂ ਦੇ ਮਾਘ ਦੇ ਮਹੀਨੇ ਦੇ ਛੋਟੇ ਦਿਨਾਂ ਵਿੱਚ-ਇੱਕ ਵੱਡੀ ਰਾਤ ਨੂੰ ਜੰਮਿਆ ਸੀ । ਸੁਣਿਆ ਹੈ, ਵਈ ਅਸਾਡੇ ਜੰਮਣ ਦੀਆਂ ਬੜੀਆਂ ਖ਼ੁਸ਼ੀਆਂ ਮਨਾਈਆਂ ਗਈਆਂ । ਮਾਪਿਆਂ ਦੇ ਘਰ, ਪਹਿਲ-ਪਲੇਠੀ ਦਾ ਪੁੱਤ, ਰੱਬ ਦੀ ਕੋਈ ਛੋਟੀ ਜਿਹੀ ਦਾਤ ਨਹੀਂ ਹੁੰਦੀ। ਮੇਰੀ ਭੋਲੀ ਭਾਲੀ ਮਾਂ ਤੇ ਹੋਰ ਘਰ ਦਿਆਂ ਨੂੰ ਤਾਂ ਖ਼ੁਸ਼ੀਆਂ ਹੋਣੀਆਂ ਹੀ ਸੀ, ਸਭ ਤੋਂ ਵੱਧ ਖ਼ੁਸ਼ ਸੀ ਮੇਰਾ ਬਾਪੂ, ਤਾਏ ਤੇ ਚਾਚੇ ਜਿਨ੍ਹਾਂ ਦੀਆਂ ਅੱਖਾਂ ਨੇ ਪਤਾ ਨਹੀਂ ਕਦੋਂ ਤੋਂ ਸਾਡੇ ਰਾਹਾਂ 'ਤੇ ਆਪਣੀਆਂ ਪਲਕਾਂ ਵਿਛਾ ਰੱਖੀਆਂ ਸਨ । ਆਖਰ ਜੀ, ਲੰਮੀ ਉਡੀਕ ਦੇ ਰਸ ਦਾ ਮਜ਼ਾ ਚਖ਼ਾ ਕੇ, ਅਸੀਂ ਏਸ ਦੁਨੀਆਂ ਵਿੱਚ ਆ ਹੀ ਗਏ।

ਮੇਰਾ ਬਾਪੂ, ਮੈਨੂੰ ਪੁੱਤਰਾਂ ਵਾਂਗ ਨਹੀਂ-ਦੋਸਤਾਂ ਵਾਂਗ-ਵੱਡੇ ਹੋਏ ਨੂੰ ਦੱਸਦਾ ਹੁੰਦਾ ਸੀ, -ਵਈ ਕਿਵੇਂ ਉਸ ਨੂੰ ਉੱਠਦੀ ਜੁਆਨੀ ਵਿੱਚ ਜ਼ਮੀਨਾਂ ਵਿੱਚ ਕੁਝ ਪੈਦਾਵਾਰ ਨਾ ਹੁੰਦੀ ਹੋਣ ਕਾਰਨ ਪਿੰਡ ਛੱਡਣਾ ਪਿਆ, ਬਾਪੂ-ਦਾਦੇ ਦੇ ਕਰਜ਼ੇ ਲਾਹੁਣ ਦੀ ਇੱਛਾ ਨੇ ਦੁੱਲੇ ਦੀ ਬਾਰ ਦਿਖਾਈ ਤੇ ਉੱਥੇ ਹੀਰ ਰਾਂਝੇ ਦੇ ਮੁਲਕ ਝੰਗ ਬਰਾਂਚ ਵਿੱਚ ਨਹਿਰ ਦੇ ਪੁਲਾਂ ਤੇ ਪੱਟੜੀਆਂ ਬਣਾਉਣ ਦੀ ਠੇਕੇਦਾਰੀ ਕਰਦਿਆਂ (ਮੱਝੀਆਂ ਚਾਰਦਿਆਂ ਨਹੀਂ) ਬਾਰਾਂ ਸਾਲ ਲੰਘਾਏ, ਕਮਾਈ ਕੀਤੀ, ਕਰਜ਼ੇ ਲਾਹੇ, ਫਿਰ ਪਿੰਡ ਆ ਕੇ ਖੱਟੀ-ਕਮਾਈ ਨਾਲ ਨਵਾਂ ਘਰ ਪਾਇਆ, ਵਿਆਹ ਕਰਾਇਆ ਤੇ ਘਰ ਵਸਾਇਆ । ਤਾਂ ਕਿਧਰੇ ਚੰਗੇ ਭਾਗਾਂ ਨੂੰ, -ਮੈਨੂੰ ਆਖਦਾ ਹੁੰਦਾ-ਕਾਕਾ ! ਤੇਰਾ ਮੂੰਹ ਦੇਖਣਾ ਨਸੀਬ ਹੋਇਆ । ਕਬੀਲਦਾਰੀ ਦੀ ਅਗਲੀ ਲੜੀ ਦੀ ਤੰਦ ਉਹ ਆਪਣੇ ਇੱਕੋ ਇੱਕ ਪੁੱਤਰ, ਜਾਣੀ ਮੇਰੇ ਹੱਥ ਦੇ ਕੇ, ਆਖਦਾ ਹੁੰਦਾ, ਬਸ! ਹੁਣ ਕਾਕਾ ਤੂੰ ਮੇਰੇ ਕਲੇਜੇ ਠੰਢ ਪਾਈਂ ! ਜ਼ਿੰਦਗੀ ਭਰ ਸੱਚੀ ਸੁੱਚੀ ਆਭਾ ਹੀ ਖੱਟੀ ਹੈ, ਸਾਹਿਬ ਤੈਨੂੰ ਨੇਕੀ ਦੇਵੇ 'ਮੇਰੇ ਨਾਉਂ ਨੂੰ ਲਾਜ ਨਾ ਲੱਗਣ ਦੇਈਂ ।'

ਕਹਿੰਦੇ ਨੇ, ਸਾਡੇ ਜੰਮਣ ਸਾਰ ਹੀ ਸਾਡਾ ਘਰ ਇੱਕ ਦਮ 'ਵਧਾਈਆਂ ਵਾਲਾ' ਬਣ ਗਿਆ ਸੀ । ਘਰ ਦੇ ਦਰਵਾਜ਼ੇ ਦੇ ਕੌਲਿਆਂ ਅੱਗੇ ਤੇਲ ਚੋਇਆ ਗਿਆ, ਸ਼ਰੀਂਹ ਦੀਆਂ ਟਾਹਣੀਆਂ ਦੀ ਸ਼ੁਭ-ਸ਼ਗਨੀ ਮਾਲਾ ਪਰੋ ਕੇ ਬੰਨ੍ਹੀ ਗਈ । ਦਾਣਿਆਂ ਦੀਆਂ ਦੋ ਬੋਰੀਆਂ ਦੇ ਮੂੰਹ ਖੋਲ੍ਹ ਦਿੱਤੇ, 'ਜੋ ਜੀਅ ਆਵੇ ਸੋ ਰਾਜੀ ਜਾਵੇ' ਗੁੜ ਦੀਆਂ ਕਈ ਭੇਲ੍ਹੀਆਂ ਭੰਨ੍ਹ ਕੇ ਘਰ ਅੱਗੋਂ ਦੀ ਹਰ ਲੰਘਦੇ ਕਰਦੇ ਦਾ ਮੂੰਹ ਮਿੱਠਾ ਕਰਾਇਆ ਗਿਆ, ਸ਼ੈਦਾਂ ਦਾਈ ਤੇ ਬਿਸ਼ਨੋ ਨੈਣ ਨੂੰ ਇੱਕ ਇੱਕ ਚਰਖ਼ਾ ਤੇ ਤਿਉਰ ਬਖ਼ਸ਼ਿਆ ਗਿਆ । ਪੁੰਨੇ ਮਿਰਾਸੀ ਨੂੰ ਪਾਲ਼ਾ ਵਧੇਰੇ ਹੀ ਸਤਾਉਂਦਾ ਸੀ, ਇੱਕ ਅਧ-ਹੰਢਿਆ ਕੋਟ, -ਜੋ ਉਹ ਮੈਨੂੰ ਵੱਡੇ ਹੋਇਆਂ ਨੂੰ ਦਿਖਾਉਂਦਾ ਹੁੰਦਾ,-ਵਈ ਇਹ ਤੇਰੀ ਵਧਾਈ ਦਾ ਮਾਠਿਆ ਸੀ,- ਦੇ ਦਿੱਤਾ ਗਿਆ । ਬੀਹੀ ਵੇਹੜੇ ਗਲੀ ਮਹੱਲੇ ਦੇ ਸਭਨਾਂ ਜੀਆਂ ਨਾਲ ਖ਼ੁਸ਼ੀ ਸਾਂਝੀ ਕੀਤੀ ਗਈ । ਤੇ ਅਸੀਂ ਇਸ ਤਰ੍ਹਾਂ ਦਾ ਖ਼ੁਸ਼ੀਆਂ ਵਾਲਾ ਮਹੌਲ ਰਚਣ ਲਈ ਇਸ ਦੁਨੀਆਂ ਵਿੱਚ ਆ ਆਪਣੀ ਪਹਿਲੀ ਚੀਖ਼, ਲਗਾਈ ।

ਅਸੀਂ ਜੀ ਦਿਨ ਪਾ ਕੇ ਲੱਗੇ ਮੂੰਹ ਵਿੱਚ ਅਗੂੰਠਾ ਲੈ ਕੇ ਪਚਾਕੇ ਮਾਰਨ । ਆਖਦੇ ਹਨ,'ਬਾਲ ਪੋਤੜਿਆਂ ਵਿੱਚੋਂ ਹੀ ਸਿਆਣੇ ਜਾਂਦੇ ਹਨ, ਪਰ ਅਸੀਂ ਜੀ ਯਕੀਨ ਨਾਲ ਆਖ ਸਕਦੇ ਹਾਂ ਕਿ ਸਾਡੀ ਹਾਲਾਂ ਤਕ ਵੀ ਕੋਈ ਪਛਾਣ ਨਹੀਂ ਕਰ ਸਕਿਆ, ਤੇ ਜੇ ਰੱਬ ਸਾਡੀ ਜੀਵਨ-ਯਾਤਰਾ ਨਿਰ-ਵਿਘਨ ਸਮਾਪਤ ਕਰ ਦੇਵੇ, ਅਣ-ਪਛਾਤੇ ਹੀ ਚਲੇ ਜਾਣਾ ਦੀ ਸਾਡੀ ਪ੍ਰਬਲ ਚਾਹ ਹੈ ।

ਦਿਨ ਪਾ ਕੇ, ਦੁੱਧ ਚੁੰਘਦੇ, 'ਲੋਰੀਆਂ ਲੱਕੜੇ' ਦੀ ਹੂੰ-ਹੂੰ ਦੀ ਧੁਨ ਸੁਣਦੇ ਅਸੀਂ ਜੀ ਜਦੋਂ ਕੁੱਝ ਕੁ ਵੱਡੇ ਹੋਏ ਫਿਰ ਵਿਧੀ-ਵਤ ਸਾਡੀ 'ਛਟੀ' ਦਾ ਕਾਜ ਰਚਾਇਆ ਗਿਆ। ਸਾਕਾਂ ਸੰਬੰਧੀਆਂ ਨਾਨਕਿਆਂ, ਦਾਦਕਿਆਂ ਵਲੋਂ ਖ਼ੁਸ਼ੀ ਦੇ ਗੱਚ ਕੱਢਣ ਲਈ ਕੀ ਕੀ ਨਹੀਂ ਕੀਤਾ ਗਿਆ ? ਖਾਣ ਪੀਣ, ਨਹਾਉਣ ਦੇ ਕੱਪੜੇ ਪਾਉਣ ਦੇ ਸਾਡੇ ਸਰੀਰ ਉੱਤੇ 'ਕਾਰ-ਵਿਹਾਰ' ਪੂਰੇ ਕੀਤੇ ਗਏ । ਸਾਨੂੰ ਸਜਾਉਣ ਲਈ ਕਹਿੰਦੇ ਨੇ ਸਭਨਾਂ ਰਿਸ਼ਤੇਦਾਰਾਂ ਨੇ ਰੱਜ ਕੇ ਸੱਧਰਾਂ ਲਾਹੀਆਂ। ਸਾਨੂੰ ਜੀ ਵਿਆਹੁਲੀ ਕੁੜੀਆਂ ਵਾਂਗ ਕਈ ਟੂੰਮਾਂ ਵੀ ਆਈਆਂ । ਮੇਰੀ ਇੱਕ ਮਾਸੀ ਨੇ ਸਿਉਨੇ ਦਾ ਤਿੰਨ ਪੱਤਾਂ ਵਾਲਾ ਟਿੱਕਾ ਪਾਇਆ । ਨਾਨਕਿਆਂ ਨੇ ਸੱਗੀ ਫੁੱਲ । ਇੱਕ ਭੂਆ ਨੇ ਪੈਰਾਂ ਨੂੰ ਪਉਂਟੇ ਤੇ ਦੂਜੀ ਨੇ ਹੱਥਾਂ ਨੂੰ ਕੰਗਣ । ਇੱਕ ਇੱਕ ਚਾਂਦੀ ਦਾ ਰੁਪਈਆ ਤਾਂ ਸਭਨਾਂ ਨੇ ਹੀ ਸਾਡੀ ਨਜ਼ਰ ਭੇਟ ਕੀਤਾ । ਭਾਵੇਂ ਉਸ ਵੇਲੇ ਨਾ ਤਾਂ ਸਾਡੇ ਵਾਲ ਈ ਇਤਨੇ ਸਨ ਵਈ ਮੇਢੀਆਂ ਗੁੰਦੀਆਂ ਜਾਣ ਤੇ ਨਾ ਹੀ ਅਸੀਂ ਖੇਡਣ ਜੋਗੇ ਸੀ। ਪਰ ਘਰੇ ਇਕਲੌਤਾ 'ਕਾਕਾ' ਜੰਮਣ ਦੀਆਂ ਰਸਮਾਂ ਪੂਰੀਆਂ ਕਰਨ ਲਈ ਸਭਨਾਂ ਚੋਜਾਂ ਵਾਸਤੇ ਇੱਕ ਖਿਡੌਣਾ ਤਾਂ ਹੈ ਈ ਸਾਂ। ਸਾਡੀ 'ਛਟੀ' ਉੱਤੇ ਆਖਦੇ ਨੇ ਜੀ, ਉਦੋਂ ਚਾਂਦੀ ਦੇ ਚੇਹਰੇ-ਸ਼ਾਹੀ ਸੌ ਡੱਬਲ ਰੁਪਈਏ ਖ਼ਰਚ ਹੋ ਗਏ ਸੀ । ਏਨਿਆਂ ਕੁ ਨਾਲ ਓਦੋਂ ਛੋਟਾ ਮੋਟਾ ਵਿਆਹ ਹੋ ਜਾਂਦਾ ਸੀ ।

ਸਾਡੇ ਪਿੰਡ ਦੇ ਆਸ ਪਾਸ ਕੋਈ ਜੋਤਸ਼ੀ ਤੇ ਪਾਂਧਾ ਪੰਡਤ ਨਾ ਹੋਣ ਕਰਕੇ ਸਾਨੂੰ ਇੱਕ ਬੜਾ ਵੱਡਾ ਜੀਵਨ ਭਰ ਲਈ ਘਾਟਾ ਇਹ ਪਿਆ ਕਿ, ਨਾ ਸਾਡੀ ਜਨਮ-ਪੱਤਰੀ ਬਣੀ ਤੇ ਨਾ ਹੀ ਟੇਵਾ । ਜੇ ਸਾਡੇ ਮਾਨ-ਯੋਗ ਪਿਤਾ ਜੀ, ਸਾਡੀ ਛਟੀ ਉੱਤੇ ਕੀਤੇ ਹੋਏ ਖ਼ਰਚ ਦਾ ਦਸਵਾਂ ਹਿੱਸਾ ਵੀ ਬਚਾ ਕੇ ਕਿਸੇ ਪਾਂਧੇ ਜੋਤਸ਼ੀ ਨੂੰ ਦੇ ਦਿੰਦੇ ਤਾਂ ਅਸੀਂ ਅੱਜ ਜਨਮ-ਪੱਤਰੀ ਵਾਲੇ 'ਮਹਾਨ-ਪੁਰਖ' ਬਣਿਆ ਹੋਣਾ ਸੀ । ਘੱਟੋ-ਘੱਟ ਅਜੇਹੇ ਬੰਦਿਆਂ

ਵਿੱਚ ਤਾਂ ਅਸੀਂ ਸ਼ਾਮਲ ਹੁੰਦੇ ਜਿਨ੍ਹਾਂ ਦੀ ਭਵਿੱਖ ਵਿੱਚ ਕੋਈ ਥਾਂ ਹੋਣ ਦਾ ਧਰਵਾਸਾ ਹੁੰਦਾ ਹੈ । ਭਾਵੇਂ ਸਾਡਾ ਭਵਿੱਸ਼ ਚੰਗਾ ਹੁੰਦਾ ਜਾਂ ਮੰਦਾ, ਜਿਨ੍ਹਾਂ ਦੀ ਜਨਮ-ਪੱਤਰੀ ਬਣੀ ਹੁੰਦੀ ਹੈ, ਉਹਨਾਂ ਵਿੱਚੋਂ ਕਈਆਂ ਨੂੰ ਆਪਣੇ ਆਪ ਉੱਤੇ, ਅਤੇ ਦੂਜਿਆਂ-ਖ਼ਾਸ ਕਰਕੇ ਘਰਦਿਆਂ ਨੂੰ-ਉਹਨਾਂ ਉੱਤੇ, ਕਈ ਕਿਸਮ ਦੀਆਂ ਆਸਾਂ ਤਾਂ ਜ਼ਰੂਰ ਹੁੰਦੀਆਂ ਹਨ ।

ਹੁਣ ਅਸੀਂ ਜਨਮ-ਪੱਤਰੀ 'ਬਾਹਰੇ' ਆਪਣੇ ਭਵਿੱਖ ਦਾ ਨ੍ਹੇਰਾ ਢੋਂਦੇ ਹੋਏ ਕਈ ਵਾਰੀ ਸੋਚਦੇ ਹਾਂ, ਵਈ ਜੇ ਸਾਡੀ ਜਨਮ-ਪੱਤਰੀ ਬਣੀ ਹੁੰਦੀ ਤਾਂ ਉਸ ਵਿੱਚੋਂ ਜਦੋਂ ਜੀ ਚਾਹੁੰਦਾ ਪੜ੍ਹ ਕੇ ਇਹ ਗੱਲਾਂ ਬਾ-ਖ਼ੂਬੀ ਵਾਚ ਸਕਦੇ ਸਾਂ :-

'ਇਹ ਜੀਵ ਅਜੀਬ ਲਗਨ ਵਿੱਚ ਪੈਦਾ ਹੋਇਆ ਹੈ, ਇਸ ਲਗਨ ਵਿੱਚ ਨਾ ਕਦੇ ਕੋਈ ਅਵਤਾਰ ਜੰਮਿਆ ਹੈ ਨਾ ਗਵਾਰ । ਨਾ ਹੀ ਏਸ ਲਗਨ ਵਿੱਚ ਕਦੇ ਕੋਈ ਗ਼ਰੀਬ ਜੰਮਿਆ ਹੈ ਨਾ ਅਮੀਰ, ਤੇ ਨਾ ਕੋਈ ਫ਼ਕੀਰ । ਕਿਉਂਕਿ ਇਹ ਜੀਵ ਸਭੋ ਕੁੱਝ ਹੈ ਤੇ ਕੁਝ ਵੀ ਨਹੀਂ । ਅਜਿਹਾ ਜੀਵ ਬੁੱਧੀ ਵਲੋਂ ਚਤਰ, ਪਰ ਦੇਖਣ ਪਾਖਣ ਨੂੰ ਬਿਲਕੁਲ ਖੁਰਦੜਾ ਸੁਸਤ ਤੇ ਊਂਧਾ ਲਗਦਾ ਹੈ । ਸੂਰਜ ਤੇ ਬੁੱਧ, ਜਨਮ-ਲਗਨ ਸਮੇਂ ਇੱਕ ਜਗ੍ਹਾ ਹੋਣੇ ਕਿਸੇ ਗੁਣੀ ਪੁਰਸ਼ ਦੇ ਲੱਖਣਾਂ ਦੇ ਲਖਾਇਕ ਹੁੰਦੇ ਹਨ, ਉਦਾਰ ਚਿੱਤ ਤੇ ਚੰਗੇ ਸੁਭਾ ਵਾਲੇ ਬੰਦੇ ਏਸੇ ਲਗਨ ਵਿੱਚ ਜੰਮਦੇ ਹਨ। ਕਿਉਂਕਿ ਸ਼ਨੀ ਦਾ ਗ੍ਰਹਿ ਬਦਲਣ ਵਾਲਾ ਹੈ, ਇਸ ਲਈ ਅਜੇਹੇ ਪੁਰਸ਼ ਹਕੂਮਤ ਵਿੱਚ ਦਰਜਾ ਪਾਉਣ ਵਾਲੇ ਵੀ ਹੁੰਦੇ ਹਨ । ਦਰਜਾ ਨਾ ਪਾ ਸਕਣ ਤਾਂ ਸਰਕਾਰ ਵਲੋਂ ਕਿਸੇ ਨਾ ਕਿਸੇ ਵੇਲੇ ਮਾਣ ਇੱਜ਼ਤ ਜ਼ਰੂਰ ਹੁੰਦਾ ਹੈ, ਪਰ ਇਸ ਜੀਵ ਦੇ ਤਾਂ ਭਾਗਾਂ ਵਿੱਚ ਰਾਜ ਯੋਗ ਇੱਕੋ ਸਮੇਂ ਚਲਦਾ, ਖੜ੍ਹਦਾ, ਬੈਠਦਾ, ਟੁਰਦਾ, ਫਿਰਦਾ ਰਹੇਗਾ। ਇਸ ਜੀਵ ਦੇ ਮੰਦੇ ਭਾਗਾਂ ਨੂੰ ਏਸ ਦੇ ਜਨਮ, ਲਗਨ ਸਮੇਂ ਰਾਹੂ, ਕੇਤੂ, ਜਨਮ ਕੁੰਡਲੀ ਵਿੱਚੋਂ ਹਾਲਾਂ ਦ੍ਰਿਸ਼ਟੀ ਬਾਹਰ ਹੀ ਕੱਢ ਰਹੇ ਸਨ, ਇਸ ਲਈ ਇਹ ਜੀਵ ਰਾਹੂ, ਕੇਤੂ ਦੀ ਸਾੜ੍ਹਸਤੀ ਤੋਂ ਬਾਹਰ ਨਹੀਂ ਨਿਕਲ ਸਕੇਗਾ, ਕਿਉਂਕਿ ਇਸ ਜੀਵ ਨੇ ਮਨ-ਮਤੀਆ ਜਾਂ ਗੁਰਮਤੀਆ ਹੋਣ ਕਰਕੇ ਵਿਧੀ-ਵਤ ਉਪਾਓ ਕੋਈ ਕਰਾਉਣਾ ਨਹੀਂ, ਇਸ ਲਈ ਦੋਵੇਂ ਗ੍ਰਹਿ ਕਿਸੇ ਨਾ ਕਿਸੇ ਰੂਪ ਵਿੱਚ ਇਸ ਦੇ ਜੀਵਨ ਵੱਲ ਕੈਰੀ ਅੱਖ ਨਾਲ ਦੇਖਦੇ ਇਸ ਉਦਾਲੇ ਜੀਵਨ ਪ੍ਰਯੰਤ ਘੁੰਮਦੇ ਰਹਿਣਗੇ। ਇਹ ਜੀਵ ਹੱਥ ਤਾਂ ਬਹੁਤੇ ਕੰਮਾਂ ਨੂੰ ਪਾਵੇਗਾ ਪਰ ਕਰੇਗਾ ਥੋੜ੍ਹੇ । ਹਰ ਕਿਸਮ ਦੀਆਂ ਇੱਛਾਂ ਦਾ ਖਿੰਡਾਹਰ ਏਸ ਦੇ ਏਧਰ ਓਧਰ ਖਿੱਲਰਿਆ ਰਹੇਗਾ । ਇਸ ਜੀਵ ਵਿਚ ਹੱਥੀਂ ਕੰਮ ਕਰਨ ਦੀ ਸੁੱਚੀ ਰੇਖਾ ਇਸ ਦੀ ਉਮਰ ਜਿਤਨੀ ਦੀਰਘ ਹੈ, ਜਾਣੀ ਇਹ ਜੀਵ ਉਮਰ ਭਰ ਲਈ ਕਈ ਤਰ੍ਹਾਂ ਦੇ ਹੱਥੀਂ ਕੰਮ ਕਰੇਗਾ, ਲਿਖੇਗਾ, ਪੜ੍ਹੇਗਾ। ਕੰਮਾਂ ਵਿੱਚ ਲਾਭ ਤੇ ਨੁਕਸਾਨ ਦੋਵੇਂ ਉਠਾਏਗਾ । ਪਰੰਤੂ ਆਪਣੇ ਧੰਦੇ ਛੇਤੀ ਬਦਲਦਾ ਨਹੀਂ ਰਹੇਗਾ। ਧੰਦਿਆਂ ਵਿੱਚੋਂ ਕਿਸੇ ਵਿੱਚ ਲਾਭ ਤੇ ਬਹੁਤਿਆਂ ਵਿਚ ਨੁਕਸਾਨ ਦਾ ਯੋਗ ਹੈ; ਜੋ ਸ਼ਨੀ ਦੀ ਪੂਜਾ ਕਰਨ ਨਾਲ ਘਟ ਸਕਦਾ ਹੈ । ਸ਼ਨੀ ਦੀ ਪੂਜਾ ਕਰਾਉਣ ਦੀ ਰੁਚੀ ਏਸ ਪ੍ਰਾਣੀ ਦੀ ਹੋਵੇਗੀ ਨਹੀਂ । ਇਸ ਲਈ ਬਿਨਾਂ ਕਲਮ ਦੇ, ਹੱਡਾਂ ਨਾਲ ਨਿਭਣ ਵਾਲੇ ਹੱਥ-ਧੰਦੇ ਦੇ, ਬਾਕੀਆਂ ਵਿੱਚ ਅਦਲਾ ਬਦਲੀ ਜਾਰੀ ਰਹਿਣ ਦਾ ਗ੍ਰਹਿ ਕਾਇਮ ਹੈ । ਕਲਮ ਘਸਾਈ ਦਾ ਕਿੱਤਾ ਨਾ ਇਹ ਛੱਡ ਸਕੇਗਾ ਨਾ ਹੀ ਇਸ ਨੂੰ ਇਹ ਕਿੱਤਾ ਛੱਡੇਗਾ। ਭਾਵੇਂ ਕੋਈ ਇਸ ਨੂੰ ਲਿਖਾਰੀ ਮੰਨੇ ਜਾਂ ਕੁੱਝ ਹੋਰ ।

ਇਹ ਜੀਵ ਜਿਸ ਕੰਮ ਨੂੰ ਹੱਥ ਪਾਏਗਾ ਜਸ ਖੱਟੇਗਾ ਅਪ-ਜਸ ਕਰਾਏਗਾ। ਏਸ ਜੀਵ ਦਾ ਵੱਡੇ ਵੱਡੇ ਵਜ਼ੀਰਾਂ, ਕਬੀਰਾਂ, ਹਾਕਮਾਂ ਨਾਲ ਗੂੜ੍ਹਾ ਮੇਲ ਰਹਿਣ ਦਾ ਯੋਗ ਅਵੱਸ਼ ਹੈ, ਕਈ ਵਾਰੀ ਉਹ ਮੇਲ ਬਹੁਤੀ ਦੇਰ ਬਣਿਆ ਵੀ ਨਹੀਂ ਰਿਹਾ ਕਰੇਗਾ । ਜਿੱਥੇ ਬਹੁਤ ਦੇਰ ਰਹੇਗਾ ਤਾਂ ਉਸ ਦਾ ਮਨ ਚਾਹਿਆ ਲਾਭ ਨਹੀਂ ਹੋਵੇਗਾ। ਇਹ ਜੀਵ ਜਿਸ ਵੱਡੇ ਮੁਰਾਤਬੇ ਵਾਲੇ ਪ੍ਰਾਣੀ ਦੇ ਕੋਲ ਜਾਏਗਾ, ਜਿਸ ਨੂੰ ਮਿਲੇਗਾ, ਉਸੇ ਦਾ ਹੋ ਜਾਏਗਾ । ਉਹ ਵਿਅਕਤੀ ਇਸ ਨੂੰ ਆਪਣੇ ਨਾਲੋਂ ਵੱਧ ਆਪਣੇ ਹਿੱਤਾਂ ਤੇ ਮਨੋਰਥਾਂ ਦਾ ਹਿਮਾਇਤੀ ਪਾਏਗਾ । ਉੱਘੇ ਵਿਅਕਤੀਆਂ ਨਾਲ ਸੰਘਣਾ ਮੇਲ ਕਈ ਵਾਰ ਇਸ ਨੂੰ ਉਸ ਦੇ ਨਿਕਟਵਰਤੀਆਂ ਤੋਂ ਵਿਰੋਧੀ ਫਲ ਵੀ ਦਿਵਾਏਗਾ। ਯਾਨੀ ਵੱਡੇ ਆਦਮੀਆਂ ਦੇ ਨਿਕਟ-ਵਰਤੀ ਕਈ ਦੁਸ਼ਟ ਲੋਕ ਇਸ ਉੱਤੇ 'ਰਾਹੂ ਕੇਤੂ' ਦੇ ਪ੍ਰਭਾਵ ਕਾਰਨ ਐਵੇਂ ਵੀ ਦੋਖੀ ਬਣ ਜਾਇਆ ਕਰਨਗੇ ।

ਇਸ ਪ੍ਰਾਣੀ ਦੀ ਰੇਖਾ ਵਿੱਚ ਧਨ ਕਮਾਉਣ ਦਾ ਯੋਗ ਹੈ, ਪਰ ਰਹੇਗਾ ਨੰਗ-ਮਲੰਗ, ਕਿਉਂਕਿ ਇਸ ਦੀ ਹਸਤ-ਰੇਖਾ ਵਿੱਚ ਧਨ ਕੋਠੜੀ ਦੇ ਦਰਵਾਜ਼ੇ ਚੌ-ਪਟ ਖੁੱਲ੍ਹੇ ਹਨ । ਇਸ ਲਈ ਜੇਬਾਂ ਖ਼ਾਲੀ ਹੀ ਰਹਿਣਗੀਆਂ, ਆਈ ਚਲਾਈ ਔਖਿਆਂ ਸੌਖਿਆਂ ਚਲਦੀ ਰਹੇਗੀ । ਕੋਈ ਕਾਰਜ ਰੁਕੇਗਾ ਨਹੀਂ । ਧਨ ਜੁੜੇਗਾ ਨਹੀਂ । ਨਾ ਥੁੜ੍ਹੇਗਾ ।

ਉਮਰ ਦੇ ਪਹਿਲੇ ਚੌਥੇ ਕਸ਼ਟਾਂ ਭਰੇ ਭਾਗ ਦੇ ਮੁੱਕਣ ਪਿੱਛੋਂ ਇਸ ਦੇ ਭਾਗ-ਉਦਯ ਦਾ ਯੋਗ ਬਣਦਾ ਹੈ, ਜਦੋਂ ਭਾਗਯ-ਸਥਾਨ ਦਾ ਪਤੀ ਸ਼ੁਕਰ, ਜਿਸ ਘਰ ਵਿੱਚ ਚੰਦਰਮਾ ਹੈ ਉਸੇ ਘਰ ਆ ਮਿਲਦਾ ਹੈ, ਕਿਉਂਕਿ ਦੋਵਾਂ ਦੀ ਬਲਵਾਨ ਦ੍ਰਿਸ਼ਟੀ ਹੈ। ਇਸ ਲਈ ਇਹ ਜੀਵ ਨੇਕ ਨਾਮ, ਬੁਲੰਦਿ-ਮਰਤਬਾ, ਹਰ ਪ੍ਰਕਾਰ ਦੀ ਸਵਾਰੀ ਦੇ ਸੁੱਖ ਪਾਵੇਗਾ, ਰੇਲ ਗੱਡੀ, ਹਵਾਈ ਜਹਾਜ਼, ਜਾਣੀ ਸਮੇਤ ਖੋਤੇ ਦੇ, ਰੱਥ ਗੱਡੇ, ਊਠ ਘੋੜੇ ਦੇ - ਸਭਨਾਂ ਸਵਾਰੀਆਂ ਉੱਤੇ ਚੜ੍ਹੇਗਾ । ਘੁੰਮੇਗਾ ਫਿਰੇਗਾ । ਆਵੇਗਾ ਜਾਵੇਗਾ।

ਇਹ ਜੀਵ ਕਿਸੇ ਰਾਜਯ ਦੀ ਸਭਾ ਦਾ ਮੈਂਬਰ ਬਣੇਗਾ ਮੈਂਬਰੀ ਦੀ ਅਵਧੀ ਪੂਰੀ ਹੋਣ ਤੇ ਹਟੇਗਾ ਵੀ । ਇਸ ਜੀਵ ਦੇ ਹਰ ਕੰਮ ਵਿੱਚ ਅਰੰਭਕ ਵਿਘਨ ਪੈਣ ਦਾ ਅਪਸਗਨ ਹੈ, ਕਿਉਂਕਿ ਸ਼ਨੀ ਵੈਰੀ ਦੇ ਘਰ ਬੈਠਾ ਹੈ, ਨਾਲ ਹੀ ਬ੍ਰਿਹਸਪਤ ਫਲ-ਉਪਯੋਗੀ ਹੈ, ਇਸ ਕਰਕੇ ਇਹ ਜੀਵ ਆਪਣੇ ਰਾਹ ਦੀ ਹਰ ਔਕੜ ਨੂੰ ਚੀਰ ਕੇ ਅੱਗੇ ਲੰਘ ਜਾਣ ਵਾਲਾ ਹੋਵੇਗਾ । ਕਈ ਸਮਿਆਂ ਤੇ ਇਸ ਜੀਵ ਦਾ ਸੁਭਾਵ ਅੱਡੀਆਂ ਚੁੱਕ ਕੇ ਫ਼ਾਹਾ ਲੈਣ ਵਾਲਾ ਹੋਵੇਗਾ ਕਈ ਕੰਮਾਂ ਵਿੱਚ ਚਾਦਰ ਨਾਲੋਂ ਵੱਧ ਪੈਰ ਪਸਾਰਨ ਦਾ ਪੱਕਾ ਯੋਗ ਹੈ, ਬ੍ਰਿਹਸਪਤ ਸਦਾ ਸੁੱਖ ਦੇ ਘਰ ਝਾਕਦਾ ਹੈ ਇਸ ਲਈ ਕਈ ਵਾਰੀ ਇਸ ਦੀਆਂ ਕੀਤੀਆਂ ਕਵੱਲੀਆਂ ਵੀ ਸਵੱਲੀਆਂ ਹੋ ਜਾਇਆ ਕਰਨਗੀਆਂ ।

ਇਹ ਜੀਵ ਸੁਭਾਉ ਦਾ ਨਰਮ ਤੇ ਹੱਥ ਦਾ ਗਰਮ ਰਹੇਗਾ । ਜਾਣੀ ਹਥੀਂ ਕਿਰਤ ਕਮਾਈ ਕਰਨ ਵਾਲਾ ਹੋਵੇਗਾ । ਇਹ ਜੀਵ ਕਦੇ ਵੇਹਲਾ ਨਹੀਂ ਬੈਠ ਸਕੇਗਾ। ਆਪਣੇ ਕੰਮਾਂ ਦੇ ਸੁੱਤਿਆਂ ਵੀ ਸੁਪਨੇ ਲੈਂਦਾ ਰਿਹਾ ਕਰੇਗਾ । ਸਹਿਣਸ਼ੀਲਤਾ ਤੇ ਠੰਢਾ ਮਿਜ਼ਾਜ਼ ਇਸ ਪ੍ਰਾਣੀ ਦੇ ਹਰ ਵੇਲੇ ਸਾਥੀ ਰਹਿਣਗੇ ।

ਅੱਧੀ ਉਮਰ ਵਿੱਚ ਜਾ ਕੇ ਇਸ ਦੇ ਕਈ ਭਾਂਤ ਦੇ ਕੰਮ ਸ਼ੁਰੂ ਕਰਨ ਅਤੇ ਛੱਡਣ ਦਾ ਯੋਗ ਬਣਦਾ ਹੈ, ਪਰ ਬਹੁਤਿਆਂ ਦਾ ਵਿਚਾਲੇ ਰਹਿਣ ਦਾ ਗ੍ਰਹਿ ਵੀ ਹੈ। ਇਹ ਪ੍ਰਾਣੀ ਇੱਕ ਛਾਪਾਖਾਨਾ ਲਾਏਗਾ, ਜੋ ਇਸ ਦੀ ਜਾਨ ਲਈ ਸਿਆਪਾ-ਖ਼ਾਨਾ ਬਣਿਆ ਰਹੇਗਾ । ਇਸ ਜੀਵ ਦੀ ਸਭ ਤੋਂ ਪ੍ਰਬਲ ਇੱਛਾ ਆਪਣੀ ਮਾਤ ਭਾਸ਼ਾ ਦਾ ਵੱਡਾ ਅਖ਼ਬਾਰ ਕੱਢਣ ਦੀ ਹੋਵੇਗੀ ਜੋ ਕਦੀ ਤੇ ਕਿਸੇ ਤਰ੍ਹਾਂ ਵੀ ਪੂਰੀ ਨਹੀਂ ਹੋਵੇਗੀ ਪਰ ਨਾ ਹੀ ਮਿਟੇਗੀ । ਇਸ ਕੰਮ ਵਿੱਚ ਇਹ ਦਿਮਾਗ਼ੀ ਤੌਰ ਤੇ ਸਭ ਤੋਂ ਵਧ ਦੁਖਤ ਤੇ ਜੀਵਨ ਭਰ ਚਿੰਤਾਤੁਰ ਅਤੇ ਦੁਬਿਧਾ ਵਿੱਚ ਰਹਿ ਕੇ ਧੰਦਾ ਪਿੱਟੇਗਾ ।

ਸ਼ਨੀ ਕਿਉਂਕਿ ਏਥੇ ਵੀ ਅਸ਼ੁਭ ਦ੍ਰਿਸ਼ਟੀ ਅਤੇ ਮੱਥੇ ਉੱਤੇ ਤਿਉੜੀਆਂ ਜਾਣੀ ਖਿਚਾਉ ਰੱਖਦਾ ਹੈ, ਇਸ ਯਤਨ ਵਿੱਚ ਇਹ ਪ੍ਰਾਣੀ ਬੁਰੀ ਤਰ੍ਹਾਂ ਮਾਤ ਖਾਂਦਾ ਰਹੇਗਾ । ਪਰ ਆਪਣੀ ਜ਼ਿੱਦ ਤੋਂ ਹਟੇਗਾ ਨਹੀਂ । ਏਸ ਪ੍ਰਾਣੀ ਦੇ ਭਾਗ ਉੱਤੇ ਬਾਰ੍ਹਾਂ ਵਰ੍ਹੇ ਸ਼ਨੀ ਦਾ ਯੋਗ ਹੈ, ਹਰ ਸ਼ਨੀਵਾਰ ਜੇ ਇਹ ਜੀਵ ਕੀੜਿਆਂ ਦੇ ਭੈਣ ਉੱਤੇ ਤਿਲ-ਚੌਲੀ ਤੇ ਮਾਂਹ ਅਤੇ ਤਾਂਬੇ ਦੇ ਸਿੱਕੇ ਪੁੰਨ ਕਰਨ ਦਾ ਉਪਾਓ ਕਰੇਗਾ ਤਾਂ ਇਸ ਦੇ ਸਿਰ ਤੇ ਆਈ ਔਲ੍ਹੀ ਟਲ ਸਕਦੀ ਹੈ ਸਾਹੜ-ਸਤੀ ਦਾ ਉਪਾਉ ਕਰੇ ਬਿਨਾਂ ਕਾਰਜ ਸਿੱਧ ਨਹੀਂ ਹੋਵੇਗਾ ਪਰ ਉਪਾਉ ਏਸ ਜੀਵ ਨੇ ਕਰਨਾ ਨਹੀਂ ਤੇ ਇਹ ਕੁੱਝ ਹੋਣਾ ਨਹੀਂ । ਇਹ ਜੀਵ ਬੜੇ ਲੰਮੇ ਛੋਟੇ ਸਫ਼ਰ ਕਰੇਗਾ ਜਿੱਥੇ ਜਾਏਗਾ ਜੱਸ ਪਾਏਗਾ । ਸੁਖ ਭੋਗੇਗਾ, ਦੁਖ ਮਾਣੇਗਾ, ਸਮੁੰਦਰ ਪਾਰ ਦੇ ਸਫ਼ਰ ਦਾ ਵੀ ਏਸ ਜੀਵ ਦਾ ਯੋਗ ਬਣਦਾ ਹੈ । ਜਾਏਗਾ ਤਾਂ ਸੈਰ ਕਰੇਗਾ । ਆਦਰ ਪਾਏਗਾ । ਲੋਕਾਂ ਨੂੰ ਮਿਲੇਗਾ ਨਜ਼ਾਰੇ ਦੇਖੇਗਾ ।

'ਬਾਕਾਇਦਾ ਵਿੱਦਿਆ ਦਾ ਯੋਗ ਇਸ ਜੀਵ ਦੇ ਭਾਗ ਵਿੱਚ ਹੈ ਨਹੀਂ ਬੇਕਾਇਦਾ ਵਿੱਦਿਆ ਦਾ ਯੋਗ ਆਯੂ ਪ੍ਰਯੰਤ ਦਿਨ ਰਾਤ ਦਾ ਅੰਤਿਮ ਸਾਸਾਂ ਤੱਕ ਅਖੰਡ ਲਗਨ ਹੈ । ਬਹੁਤਾ ਪੜ੍ਹੇਗਾ ਥੋੜ੍ਹਾ ਲਿਖੇਗਾ । ਕੁੱਝ ਵੀ ਹੋਵੇ ਇਸ ਜੀਵ ਦਾ ਕਈ ਵਾਰੀ ਤੇ ਕਈ ਪੱਖਾਂ ਤੋਂ ਵਿਦਵਾਨ ਮੰਨੇ ਜਾਣ ਦਾ ਯੋਗ ਅਮਿੱਟ ਹੈ । ਬਿਨਾਂ ਕਿਸੇ ਵਿਸ਼ਵ ਵਿਦਿਆਲੇ ਪੜ੍ਹਿਆਂ ਇਹ ਪ੍ਰਾਣੀ ਚੋਂਦਾਂ ਭਾਰਤੀ ਵਿੱਦਿਆਵਾਂ,-ਜੇ ਹੋਰ ਨਹੀਂ ਤਾਂ ਘੱਟੋ ਘੱਟ ਉਨ੍ਹਾਂ ਦੇ ਨਾਵਾਂ ਦਾ ਜ਼ਰੂਰ ਜਾਣੂ ਹੋਵੇਗਾ । ਆਪਣੀਆਂ ਲਿਖਤਾਂ ਤੇ ਵਿੱਦਿਆ ਦੇ ਬਲ ਕਾਰਨ ਸਰਕਾਰੋਂ ਦਰਬਾਰੋਂ ਤੇ ਵਿਸ਼ਵ ਵਿਦਿਆਲੇ ਵੱਲੋਂ ਵੀ ਕਈ ਤਰ੍ਹਾਂ ਦੇ ਇਨਾਮ ਸਨਮਾਨ ਤੇ ਮਾਣ ਪਾਏਗਾ । ਆਮ ਲੋਕਾਂ ਵਿੱਚ ਵੀ ਸ਼ੋਭਾ ਖੱਟੇਗਾ । ਸ਼ਨੀ ਦਾ ਉਪਾਉ ਇਸ ਜੀਵ ਦਾ ਜੇ ਨਾ ਕੀਤਾ ਤਾਂ ਉਸ ਆਪਣੇ ਇਸ਼ਟਦੇਵ ਗ੍ਰੰਥ ਦੀ ਲੇਖਣੀ ਦੁਆਰਾ ਕੀਤੀ ਸੇਵਾ ਨਾਲ ਸਾਰੇ ਵਿਘਨ ਹਰ ਕੇ ਸਹਿਜ ਵਿੱਚ ਰਹੇਗਾ । ਏਸੇ ਕਾਰਨ ਸੁਭਾਵ ਦਾ ਪਰ-ਉਪਕਾਰੀ ਤੇ ਹਿਤਕਾਰੀ ਹੋਵੇਗਾ । ਇਹ ਜੀਵ ਪਰਾਇਆਂ ਦੇ ਕੰਮ ਸਵਾਰੇਗਾ ਘਰ ਦੇ ਵਿਗਾੜੇਗਾ, ਪਰਉਪਕਾਰਾਂ ਦੀ ਇਸ ਦੀ ਸੇਵਾ ਦਾ ਫਲ ਕਈ ਵਾਰ ਇਸ ਨੂੰ ਵਿਪ੍ਰੀਤ ਵੀ ਮਿਲੇਗਾ, ਜਿਨ੍ਹਾਂ ਲੋਕਾਂ ਦੇ ਕੰਮ ਸਵਾਰੇਗਾ ਕਈ ਵਾਰ ਉਹੋ ਹੀ ਇਸ ਦੇ ਕੰਮ ਵਿਗਾੜਨਗੇ ਤੇ ਦੋਖੀ ਬਣਨਗੇ । ਕਿਉਂਕਿ ਏਥੇ ਵੀ ਸ਼ਨੀ ਸੁਖਕਾਰੀ ਹੈ ਇਸ ਲਈ ਅਕ੍ਰਿਤਘਣ ਲੋਕ ਕੁੱਝ ਵਿਗਾੜ ਨਹੀਂ ਸਕਣਗੇ । ਇਹ ਜੀਵ ਮਸਤੀ ਤੇ ਸਹਿਜ ਵਿੱਚ ਆਪਣੇ ਨਿਸਚੇ ਪੂਰੇ ਕਰਦਾ ਰਹੇਗਾ ।

'ਇਹ ਜੀਵ ਲਗਣ ਵਲੋਂ ਮੰਗਲੀਕ ਹੋਵੇਗਾ, ਜਿਸ ਦਾ ਜੀਵਨ ਸਾਥੀ ਉੱਤੇ ਚੰਗਾ ਪ੍ਰਭਾਵ ਨਹੀਂ ਹੁੰਦਾ । ਪਰ ਇਸਤ੍ਰੀ ਦੀ ਕੁੰਡਲੀ ਵਿੱਚ ਦੀਰਘਆਯੂ ਹੈ । ਉਮਰ ਦੇ ਪਹਿਲੇ ਭਾਗ ਵਿੱਚ ਇਸ ਨੂੰ ਜੀਵਨ-ਸਾਥੀ ਦਾ ਸੁਖ ਪ੍ਰਾਪਤ ਨਹੀਂ ਫਿਰ ਪੂਰਣ ਯੋਗ ਹੈ । ਘਰਬਾਰੀ ਹੁੰਦਿਆਂ ਇਹ ਪ੍ਰਾਣੀ ਵਿਰਕਤ ਰਹੇਗਾ ਤੇ ਵਿਰਕਤ ਹੁੰਦਿਆਂ ਘਰ ਬਾਰੀ । ਅੰਤਲੀ ਉਮਰ ਵਿੱਚ ਗ੍ਰਹਿ ਤਿਆਗ ਕਰਕੇ ਧਰਮ ਸੇਵਾ ਦਾ ਯੋਗ ਵੀ ਹੈ । ਜੇ ਘਰ ਬਾਰੀ ਹੁੰਦਿਆਂ ਧਰਮ ਸੇਵਾ ਨਾ ਕਰ ਸਕਿਆ, ਤਾਂ ਅਵੱਸ਼ ਗ੍ਰਹਿਸਥੀ ਜੀਵਨ ਜਾਣੀ ਘਰ ਦਾ ਤਿਆਗ ਕਰੇਗਾ । ਇਹ ਪ੍ਰਾਣੀ ਇੱਕ ਦੋ ਵੱਡੇ ਘਰ ਵੀ ਬਣਾਏਗਾ, ਪਰ ਉਨ੍ਹਾਂ ਵਿੱਚ ਬਹੁਤਾ ਚਿਰ ਨਹੀਂ ਰਹਿ ਸਕੇਗਾ। ਕਿਉਂਕਿ ਇਸ ਪ੍ਰਾਣੀ ਦੇ ਪੈਰ ਚੱਕਰ ਹੈ । ਪਰ ਜੀਵਨ-ਸਾਥੀ ਦੇ ਭਾਗ ਦਾ ਯੋਗ ਗ੍ਰਹਿ-ਨਿਵਾਸ ਹੈ, ਇਸ ਲਈ ਪ੍ਰਾਣੀ ਆਪਣੇ ਜੀਵਨ ਸਾਥੀ ਦੇ ਫਲ-ਯੋਗ ਕਾਰਨ ਆਪਣੇ ਘਰ ਵਿੱਚ ਰਹਿ ਵੀ ਸਕਦਾ ਹੈ, ਅੰਤ ਨੂੰ ਆਪਣੇ ਬਣਾਏ ਕਿਸੇ ਆਸ਼ਰਮ ਵਿੱਚ ਰਹੇਗਾ । ਜਾਂ ਘਰ ਨੂੰ ਆਸ਼ਰਮ ਬਣਾਏਗਾ।

ਇਹ ਜੀਵ ਦਾ ਖ਼ਾਸ ਕਰਮ-ਫਲ ਇਹ ਹੈ ਕਿ, ਇਸ ਦਾ ਵੱਡੇ ਵੱਡੇ ਬੁੱਧੀਵਾਨਾਂ ਤੇ ਰਾਜਨੀਤੱਗਾਂ ਨਾਲ ਗੂੜ੍ਹਾ ਮੇਲ ਰਹੇਗਾ । ਉਸ ਮੇਲ ਵਿੱਚੋਂ ਇਸ ਨੂੰ ਸੁਖ ਵੀ ਮਿਲੇਗਾ ਦੁਖ ਵੀ। ਪਦਵੀਆਂ ਵੀ ਮਿਲਣਗੀਆਂ ਤੇ ਵਿਰੋਧ ਵੀ ਹੋਵੇਗਾ, ਇਸ ਕਿਰਿਆ ਵਿੱਚ ਇਸ ਨੂੰ ਲਾਭ ਵੀ ਮਿਲੇਗਾ ਅਤੇ ਬਿਨਾਂ ਵਜ੍ਹਾ ਹਾਣ ਵੀ । ਕਿਉਂਕਿ ਇਹ ਜੀਵ ਦੁਖ ਸੁਖ ਦੋਨੋਂ ਹੀ ਚੰਗੀ ਤਰ੍ਹਾਂ ਮਾਣ ਸਕੇਗਾ, ਭਾਗ ਦਾ ਦੇਵਤਾ ਸੁਖ ਦੇ ਘਰ ਝਾਕ ਰਿਹਾ ਹੈ ਇਸ ਲਈ ਇਸ ਦੇ ਵੈਰੀ ਬਣਨ ਵਾਲੇ ਵੀ ਇਸ ਦੇ ਜਾਨ-ਪ੍ਰਾਨ ਦੀ ਹਾਨੀ ਨਹੀਂ ਕਰ ਸਕਣਗੇ । ਤੇ ਕਈ ਵਾਰੀ ਮੁੜ ਮਿੱਤਰ ਵੀ ਬਣ ਜਾਇਆ ਕਰਨਗੇ। ਉੱਤੋਂ ਉੱਤੋਂ ਇਹ ਜੀਵ ਸਾਧਾਂ ਸੰਤਾਂ ਦਾ ਸੇਵਕ ਤੇ ਸ਼ਰਧਾਲੂ ਹੋਵੇਗਾ, ਪਰ ਅੰਦਰੋਂ ਪਖੰਡ ਵਿਰੋਧੀ ਤੇ ਨੁਕਤਾਚੀਨੀ ਰਹੇਗਾ । ਹਾਂ ਤੱਤ-ਗਿਆਨ ਦਾ ਵਿਸਥਾਰ ਕਰਨ ਵਾਲਿਆਂ ਤੇ ਨਿਸ਼ਕਾਮ ਸੇਵਕਾਂ ਦਾ ਦਿਲੀ ਸੇਵਕ ਹੋਵੇਗਾ । ਇਹ ਜੀਵ ਮਾਣ ਚਾਹੇਗਾ ਨਹੀਂ, ਅਪਮਾਨ ਦੀ ਇਸ ਨੂੰ ਪ੍ਰਵਾਹ ਨਹੀਂ ਹੋਵੇਗੀ । ਇਹ ਪ੍ਰਾਣੀ ਆਪਣੇ ਧਰਮ ਦੀ ਆਪਣੇ ਇਸ਼ਟਦੇਵ ਗ੍ਰੰਥ, ਆਪਣੇ ਵਤਨ, ਆਪਣੇ ਪਿੰਡ ਦੀ ਆਪਣੀ ਲੇਖਣੀ ਤੇ ਬੁੱਧੀ ਦੁਆਰਾ ਵਿਤੋਂ ਵੱਧ ਕੇ ਸੇਵਾ ਕਰੇਗਾ । ਏਥੋਂ ਤੱਕ ਕਿ, ਲੋੜ ਪੈਣ ਤੇ ਆਪਣੀ ਜਨਮ-ਪੱਤਰੀ ਵੀ ਆਪ ਹੀ ਲਿਖੇਗਾ ਤੇ ਉਸ ਦੇ ਨਾਲ ਨਾਲ ਸੰਕੇਤਕ ਰੂਪ ਵਿੱਚ ਸੰਖੇਪ ਜੀਵਨ ਗਾਥਾ ਵੀ।

ਗੱਲ ਕੀ, ਜੀਵ ਆਪਣੀ ਕਿਸਮ ਦਾ ਆਪ ਹੀ ਹੋਵੇਗਾ, ਆਪਣੇ ਨਾਲ ਸੰਪਰਕ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਇਹ ਜੀਵ ਸਭ ਪਹਿਲੂਆਂ ਤੋਂ ਦੇਖੇ ਪਾਖੇ ਤੇ ਨਿਰਖੇਗਾ, ਇਸ ਲਈ ਇਸ ਜੀਵ ਦੇ ਸੰਪਰਕ ਵਿੱਚ ਆਉਣ ਵਾਲੇ ਬੰਦਿਆਂ ਤੇ ਬੰਦੀਆਂ ਨੂੰ ਚੇਤੰਨਤਾ ਨਾਲ ਵਰਤਣਾ ਚਾਹੀਦਾ ਹੈ । ਇਹ ਜੀਵ ਕਿਸੇ ਦੀ ਨੇਕੀ ਭੁਲਾ ਦੇਵੇ ਤਾਂ ਦੇਵੇ,-ਜਿਵੇਂ ਹਰ ਕੋਈ ਭੁਲਾ ਦਿੰਦਾ ਹੈ-ਪਰ ਆਪਣੇ ਨਾਲ ਕੀਤੀ ਬਦੀ ਨਹੀਂ ਭੁਲਾਏਗਾ । ਭਾਵੇਂ ਬਦਲਾ ਲੈਣ ਦੀ ਰੁਚੀ ਏਸ ਵਿੱਚ ਹੋਵੇਗੀ ਨਹੀਂ । ਇਹ ਜੀਵ ਬਹੁਤ ਸਾਰੇ ਲੋਕਾਂ ਦੀ ਉਪਜੀਵਕਾ ਦਾ ਸਾਧਨ ਬਣੇਗਾ। ਇਸ ਰਾਹੀਂ ਕਦੇ ਬੰਦੇ ਉੱਚੇ ਅਹੁਦਿਆਂ ਉੱਤੇ ਲੱਗਣਗੇ ਜਿਨ੍ਹਾਂ ਵਿੱਚ ਕੋਈ ਲੱਗਣ ਸਾਰ ਏਸ ਦੇ ਅਹਿਸਾਨ ਭੁੱਲ ਜਾਇਆ ਕਰਨਗੇ ਤੇ ਸਮਝਣਗੇ ਕਿ ਅਸਾਡੀ ਹੈਸੀਅਤ ਹੈਸੀ ਤਾਂ ਹੀ ਤਾਂ ਇਹ ਅਹੁਦੇ ਮਿਲੇ, ਕੋਈ ਸਮਝਣਗੇ ਬੰਦਾ ਕੋਈ ਸਬੱਬ ਬਣਾ ਕੇ ਹੀ ਪਦਵੀ ਉੱਤੇ ਬੈਠਾਇਆ ਜਾਂਦਾ ਹੈ ।

ਅੱਗੇ ਜੋ ਈਸ਼ਵਰ ਨੂੰ ਮਨਜ਼ੂਰ ਹੈ ਸੋ ਹੋ ਕੇ ਰਹੇਗਾ । ਜੋ ਜੀਵ ਦੀ ਪਰਾਲੱਭਤ ਹੈ ਉਹ ਅਵੱਸ਼ ਭੋਗੇਗਾ । ਸਭ ਕੁੱਝ ਤਕਦੀਰ ਦੇ ਹੱਥਾਂ ਵਿੱਚ ਹੈ । ਇਹ ਜੋਤਸ਼ ਤਾਂ ਇੱਕ ਵਿੱਦਿਆ ਹੈ ਜੀ ਸੱਚ ਝੂਠ ਈਸ਼ਵਰ ਜਾਣੇ ।

ਇਸ ਜੀਵ ਦੇ ਸਹਾਰੇ-ਉੱਚੇ ਉੱਠਣ ਵਾਲਿਆਂ ਤੋਂ ਸਿਵਾਏ ਇਸ ਦੇ ਜੀਵਨ ਸਾਥੀ ਦੇ ਪੂਰੀ ਤਰ੍ਹਾਂ ਸੁਖਦਾਈ ਨਹੀਂ ਬਣਨਗੇ । ਸਗੋਂ ਕਈ ਦੁਖਦਾਈ ਰਹਿਣਗੇ । ਗੁਰਵਾਕ ਹੈ: "ਕੇਤੇ ਪੰਡਿਤ ਜੋਤਕੀ ਬੇਦ ਕਰਹਿ ਵੇਚਾਰ ।" ਜਨਮ ਪੱਤਰੀ ਸੰਪੂਰਨ ਹੋਈ ।

-0-

ਜੇ ਮੇਰਾ ਬਾਪੂ ਓਦੋਂ ਕਿਸੇ ਪਾਂਧੇ ਤੋਂ ਜਨਮ-ਪੱਤਰੀ ਬਣਵਾ ਦਿੰਦਾ ਤਾਂ ਇਹ ਵਹੀ ਸਾਨੂੰ ਦਿਮਾਗੋਂ ਹੀ ਉਤਾਰਨੀ ਤਾਂ ਨਾ ਪੈਂਦੀ । ਕਈ ਵਾਰ ਮੈਨੂੰ ਆਪਣੇ ਬਾਪੂ ਤੇ ਹਲਕਾ ਜਿਹਾ ਗੁੱਸਾ ਵੀ ਆ ਜਾਂਦਾ ਹੈ, ਜਦੋਂ ਕਦੀ ਮੇਰੇ ਦੋਸਤ ਮਿੱਤਰ ਆਪਣੀਆਂ ਜਨਮ-ਪੱਤਰੀਆਂ ਕਢਵਾ ਕਢਵਾ ਕੇ ਜੋਤਸ਼ੀਆਂ ਨੂੰ ਕਹਿੰਦੇ ਹਨ "ਦਸੋ ਜੀ ਮੇਰੇ ਚੰਗੇ ਦਿਨ ਕਦੋਂ ਆਉਣਗੇ ?" ਤੇ ਹੋਰ ਪੁੱਛਾਂ ਪੁੱਛਦੇ ਹਨ ! ਜੇ ਮੇਰੀ ਵੀ ਜਨਮ-ਪੱਤਰੀ ਬਣੀ ਹੁੰਦੀ ਤਾਂ ਮੈਂ ਵੀ ਆਪਣੀ ਕਿਸਮਤ ਦੀ 'ਰੇਖ ਵਿੱਚ ਮੇਖ' ਲਗਦੀ ਦੇਖ ਲਿਆ ਕਰਦਾ, ਕਿਸੇ ਪਾਂਧੇ ਜੋਤਸ਼ੀ ਤੋਂ ਪੁੱਛ ਲਿਆ ਕਰਦਾ, ਦੇਖੋ ਜੀ! ਮੇਰੇ ਵੀ ਕਦੇ

ਚੰਗੇ ਦਿਨ ਆਉਣਗੇ ਕਿ ਕੰਮ-ਏਸ ਤਰ੍ਹਾਂ, ਬੁੱਧ ਜੀ ਦੱਸੇ ਸਹਿਜ ਮਾਰਗੀ ਜਾਂ ਰਾਸ਼ੀਆਂ ਦੇ ਭੇੜ ਵਾਲਾ ਢੀਚੂੰ-ਢੀਚੂੰ ਕਰਦਾ ਈ ਕੰਮ ਚਲਦਾ ਰਹੇਗਾ। ਹੁਣ ਤਾਂ ਏਹੋ ਯਕੀਨ ਕਰਨਾ ਠੀਕ ਹੈ ਵਈ ਜੋ ਜੀਵਨ ਦੇ ਦਿਨ ਲੰਘ ਗਏ ਹਨ ਉਹਨਾਂ ਵਿੱਚ ਮਾੜੇ ਤਾਂ ਸਭ ਲੰਘ ਚੁੱਕੇ ਸਮਝ ਲਏ ਜਾਣ, ਤੇ ਜੋ ਆਉਣੇ ਹਨ ਉਹਨਾਂ ਬਾਰੇ ਇਉਂ ਕਲਪਨਾ ਠੀਕ ਹੈ ਕਿ, ਉਹ ਸਭ ਚੰਗੇ ਹੀ ਹੋਣਗੇ। 'ਬੁਰਾ ਨਹੀਂ ਸਭ ਭਲਾ ਹੀ ਹੈ ਰੇ; ਹਾਰ ਨਹੀਂ ਸਭ ਜੇਤੈ ।।'

ਬੰਦਾ ਜ਼ਿੰਦਗੀ ਨੂੰ ਐਵੇਂ ਸੋਚ-ਸੋਚ ਕੇ ਹੀ ਰੂਹ ਕਿਉਂ ਕੰਡਿਆਂ ਉੱਤੋਂ ਦੀ ਘਸੀਟੀ ਫਿਰੇ । ਇਸ ਲਈ ਮੈਂ ਆਪਣੇ ਆਪੇ ਲਿਖੀ ਜਨਮ-ਪੱਤਰੀ ਸਮੇਂ ਧੁਰੋਂ ਉੱਤਰੀ 'ਬ੍ਰਹਮ ਵਿੱਦਿਆ' ਦਾ ਪ੍ਰਯੋਗ ਕਰਦਾ ਹੋਇਆ ਸਭ ਲੋਕਾਂ ਨੂੰ ਏਹੋ ਸਲਾਹ ਦਿੰਦਾ ਹਾਂ,-ਖ਼ਾਸ ਕਰਕੇ ਉਹਨਾਂ ਚੰਗੀਆਂ ਘੜੀਆਂ ਬਾਰੇ ਉਡੀਕ ਕਰਨ ਲਈ ਕਹਿੰਦਾ ਹਾਂ, ਇਹ ਜ਼ਰੂਰ ਛੇਤੀ ਹੀ ਆਉਣਗੀਆਂ ਤੇ ਮਾੜੇ ਦਿਨ ਜੇ ਆਏ ਵੀ ਹੋਣ, ਜਿਵੇਂ ਆਉਂਦੇ ਹਨ ਆਪੇ ਈ ਚਲੇ ਜਾਣਗੇ। ਇਹ ਸਮਝ ਕੇ ਚੱਲਣਾ ਠੀਕ ਹੈ । ਇਹ ਵੀ ਧਿਆਨ ਰੱਖਣਾ ਜੋ ਮਾੜੇ ਦਿਨ ਆਉਣੇ ਲਿਖੇ ਹਨ, ਕਿਧਰੇ ਇਹ ਪਾਂਧਿਆਂ ਨੇ ਭਾਈਚਾਰੇ ਦਾ ਰੁਜ਼ਗਾਰ ਬਣਾਉਣ ਲਈ ਹੀ ਨਾ ਲਿਖ ਦਿੱਤੇ ਹੋਣ । ਤਾਂ ਜੁ ਲੋਕ ਪੰਡਤਾਂ ਤੋਂ ਪੂਜਾ ਪਾਠ ਕਰਾਉਂਦੇ ਰਹਿਣ । ਸਾਡੇ ਤਾਂ ਜੋ ਮਾੜੇ ਦਿਨ ਸਨ ਸਮਝੋ ਲੰਘ ਗਏ ਹਨ, ਤੇ ਹੁਣ ਚੰਗੇ ਦਿਨ ਹੀ ਆਉਣਗੇ ਜਾਂ ਫਿਰ ਉੱਦਮ ਕਰਕੇ ਲਿਆਵਾਂਗੇ। ਜੋ ਪ੍ਰਾਣੀ ਇਉਂ ਸੋਚੇਗਾ ਅਵੱਸ਼ ਸੁਖ ਭੋਗੇਗਾ ।

ਪਿਛਲੀ ਉਮਰ ਗੁਨਾਹੀ ਕੀਤੀ ।
ਭਾਗ ਅਸਾਡੇ ਲਿਖੀ ਫ਼ਕੀਰੀ ਸੋ ਮਸਤਕ ਧਰ ਲੀਤੀ ।
ਅਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ ਸੋ ਬੀਤੀ ।

ਪਰ ਇਹ ਗੱਲਾਂ ਤਾਂ ਅਸੀਂ ਹੁਣ 'ਗਿਆਨੀ' ਬਣ ਕੇ ਲੋਕਾਂ ਨੂੰ ਸਮਝਾਉਣ ਲਈ ਕਰ ਰਹੇ ਹਾਂ, ਜਦੋਂ ਜੀ ਸਾਡੀ ਰੌਣੀ ਭੌਣੀ ਉਮਰ ਸੀ ਉਦੋਂ ਤਾਂ ਸਾਡੇ ਜੀਵਨ ਦੇ ਸਭਨਾਂ ਨੂੰ ਈ ਚੰਗੇ ਦਿਨ ਆਉਣ ਦੀਆਂ ਆਸਾਂ ਸੀ । ਖੈਰ ਜੀ, ਸਾਡੀ ਜਨਮ-ਪੱਤਰੀ ਨਾ ਬਣਨ ਕਰਕੇ ਸਾਨੂੰ ਕਈ ਵਾਰ ਬੜੇ ਕਸ਼ਟ ਝਾਗਣੇ ਪਏ ਹਨ, ਭਾਵੇਂ ਉਸ ਦਾ ਕਾਰਨ ਸਾਡੇ ਪਿੰਡ ਵਿੱਚ ਕਿਸੇ ਪੜ੍ਹੇ ਲਿਖੇ ਪਾਂਧੇ ਜਾਂ ਵਿਦਵਾਨ ਦੀ ਥਾਂ ਵਿੱਦਿਆ 'ਮਾਰਤੰਡ' ਬ੍ਰਾਹਮਣਾਂ ਦਾ ਹੀ ਦੌਰ-ਦੌਰਾ ਸੀ, ਪਰ ਮੈਨੂੰ ਪੱਕਾ ਯਕੀਨ ਹੈ ਜੇ ਕਿਧਰੋਂ ਉਸ ਵੇਲੇ ਕੋਈ ਬ੍ਰਾਹਮਣ ਪੰਜ ਸਤ ਕੋਹ ਦੂਰ ਤੇ ਵੀ ਹੁੰਦਾ, ਭਾਵੇਂ ਉਸ ਨੂੰ ਕਨ੍ਹੇੜੇ ਚੁੱਕ ਕੇ ਨਾ ਲਿਆਉਣਾ ਪੈਂਦਾ, ਸਾਡੀ ਜਨਮ-ਪੱਤਰੀ ਜ਼ਰੂਰ ਲਿਖੀ ਜਾਂਦੀ। ਚਲੋ ਜੀ ਇਹ ਕੋਈ ਬਹੁਤੀ ਮਾਖਤੇ ਦੀ ਗੱਲ ਵੀ ਨਹੀਂ । ਜੇ ਭਲਾ ਜਨਮ-ਪੱਤਰੀ ਲਿਖੀ ਜਾਂਦੀ ਫੇਰ ਕਿਹੜਾ ਅਸੀਂ ਅਵਤਾਰ ਜਾਂ ਰਾਜੇ ਬਣ ਜਾਣਾ ਸੀ । ਅਵਤਾਰ ਤਾਂ ਕਹਿੰਦੇ ਇੱਕ ਨਿਹਕੰਲਕ ਤੋਂ ਬਿਨਾਂ ਬਾਕੀ ਸਭ ਪਹਿਲਾਂ ਈ ਹੋ ਚੁੱਕੇ ਹਨ, ਤੇ ਛੋਟੇ-ਮੋਟੇ ਉਪ-ਅਵਤਾਰ ਸਾਨੂੰ ਉਂਝ ਬਣਨਾ ਪਸੰਦ ਨਹੀਂ ਸੀ ਆਉਣਾ । ਰਾਜਿਆਂ ਦਾ ਅਖੇ ! ਜੁਗ ਈ ਬੀਤ ਗਿਆ ਹੈ । ਜੋ ਕੁੱਝ ਹਾਂ ਜੇ ਏਹੋ ਕੁੱਝ ਰਹਿਣਾ ਸੀ ਫਿਰ ਜਨਮ-ਪੱਤਰੀ ਦੀ ਲੋੜ ਵੀ ਕੀ ਸੀ ? ਸਗੋਂ ਇੱਕ ਗੱਲ ਖ਼ੁਸ਼ੀ ਦੀ ਹੈ ਕਿ, ਵਾਧੂ ਦੇ ਰਾਹੂ ਕੇਤੂ, ਮੀਨ-ਮਿਥਨ ਤਾਂ ਮਗਜ਼ ਉੱਤੇ ਨਹੀਂ ਚੱਕੀ ਫਿਰਦੇ । ਨਾਲੇ ਹੁਣ ਅਸੀਂ ਆਪਣੀ ਮਰਜ਼ੀ ਦੀ ਜਨਮ-ਪੱਤਰੀ ਵੀ ਤਾਂ ਲਿਖ ਲਈ ਹੈ ਜਿਸ ਵਿੱਚ ਲੋੜ ਪੈਣ ਤੇ ਵਾਧਾ ਘਾਟਾ ਕਰਨ ਦੇ ਹੱਕ ਵੀ ਸਾਡੇ ਆਪਣੇ ਕੋਲ ਰੱਖਵੇਂ ਹਨ ।

ਡਾਢਾ ਅਫ਼ਸੋਸ ਇਸ ਗੱਲ ਦਾ ਹੈ ਬਈ ਸਾਡੇ ਬਚਪਨ ਦੀ ਕੋਈ ਤਸਵੀਰ ਨਹੀਂ। ਮੇਰੀ ਛਟੀ ਉੱਤੇ ਜਿੱਥੇ ਇਤਨਾ ਖ਼ਰਚ ਹੋਇਆ ਸੀ ਪੰਜ ਸਤ ਦਮੜੇ ਜੇ ਤਸਵੀਰ ਖਿੱਚਣ ਵਾਲੇ ਨੂੰ ਦੇ ਦਿੰਦੇ ਤਾਂ ਅੱਜ ਕੱਲ੍ਹ ਜਦੋਂ ਅਸੀਂ 'ਖੋਜੀ' ਬਣੇ ਫਿਰਦੇ ਹਾਂ, ਆਪਣੀ ਆਦਿ-ਕਾਲੀ ਚਿੱਤਰਾਵਲੀ ਜਾਂ ਚਿੱਤਰ ਦੇਖ ਕੇ ਉਸ ਉੱਤੇ ਕੁੱਝ ਪੜਚੋਲ ਵੀ ਕਰ ਲੈਂਦੇ ਵਈ ਉਸ ਵੇਲੇ ਸਾਡੇ ਸਰੀਰ ਦੀ ਗੱਲ੍ਹੀਟ ਕਿਹੋ ਜਿਹੀ ਸੀ, ਨੱਕ, ਫੁੱਲੀਆਂ ਹੋਈਆਂ ਗੱਲ੍ਹਾਂ ਕਾਰਨ ਵਿੱਚੋਂ ਕੁੱਝ ਦਿਸਦਾ ਵੀ ਸੀ ਕਿ ਚੀਨੀਆਂ ਵਾਂਗ ਫਿੰਨ੍ਹਾਂ-ਮਿੰਨਾਂ ਸੀ? ਜਿਸ ਨੂੰ ਪਿੱਛੋਂ ਦਾਈਆਂ ਮਾਈਆਂ ਨੇ ਖਿੱਚ ਖਿੱਚ ਕੇ ਵਧਾਇਆ । ਆਪਣੇ ਕੰਨਾਂ ਦੀ ਬਣਤਰ ਬੁੱਧ ਜੀ ਦੇ ਬੁੱਤਾਂ ਨਾਲ ਮਿਲਦੀ ਦੇਖ ਕੇ ਕਈ ਖ਼ਿਆਲ ਉਪਜਦੇ ਹਨ, ਜੇ ਸੱਚ ਮੁੱਚ ਇਹ ਇਤਨੇ ਹੀ ਵੱਡੇ ਸੀ, ਤਾਂ ਉਦੋਂ ਤਾਂ ਜਦੋਂ ਸਿਰ ਹਿਲਾਉਂਦੇ ਹੋਵਾਂਗੇ, ਚੋਖੇ ਮੋਟੇ ਪੱਖੇ ਜਿੰਨੀ ਜਿੰਨੀ ਹਵਾ ਝੁੱਲ ਪੈਂਦੀ ਹੋਵੇਗੀ!

ਗੱਲ੍ਹਾਂ ਵਿੱਚ ਪੈਂਦੇ ਟੋਏ, ਜੋ ਦਾਹੜੀ ਹੇਠ ਆ ਗਏ ਹਨ ਝੱਟ ਕਿਸੇ ਨੂੰ ਪਿਆਰੇ, ਦੁਪਿਆਰੇ ਹੋਣ ਦੇ ਸ਼ਗਨ ਅਪਸ਼ਗਨ ਸਮਝਾ ਦਿੰਦੇ ਹੋਣਗੇ । ਲੰਮੀਆਂ ਬਾਹਵਾਂ ਨੇ ਤਾਂ ਘਰ ਦਿਆਂ ਨੂੰ ਕਈ ਵਾਰੀ ਆਪਣੇ ਪੁੱਤ ਨੂੰ ਅਵਤਾਰੀ ਕਿਸਮ ਵਿੱਚੋਂ ਜਣਾ ਹੀ ਦਿੱਤਾ ਹੋਵੇਗਾ। ਮੇਰੀ ਮਾਂ ਨੇ ਏਸ ਲਈ ਕਹਿੰਦੇ ਨੇ ਮੇਰੇ ਮਾਤਾ (ਚੀਚਕ) ਦਾ ਸੂਆ (ਟੀਕਾ) ਨਹੀਂ ਲਗਵਾਇਆ ਸੀ,'ਅਖੇ' ਅੰਗਰੇਜ਼ਾਂ ਨੂੰ ਜੋਤਸ਼ੀਆਂ ਨੇ ਦੱਸਿਆ ਸੀ ਵਈ, ਜਿਸ ਨੇ ਥੋੜੇ ਰਾਜ ਖੋਹਣਾ ਹੈ,ਉਸ ਅਵਤਾਰ ਦੇ ਪਿੰਡੇ ਵਿੱਚ ਖ਼ੂਨ ਦੀ ਥਾਂ ਦੁੱਧ ਹੋਵੇਗਾ,-'ਤਾਂ ਹੀ ਤਾਂ ਜਾਏ ਖਾਣੇ ਹਰੇਕ ਛੋਟੇ ਬੱਚੇ ਦੇ ਸੂਏ ਲਾ ਲਾ ਕੇ ਦੇਖਦੇ ਹਨ ? ਮੈਂ ਨੀ ਆਪਣੇ ਪੁੱਤ ਦਾ ਪਤਾ ਲੱਗਣ ਦੇਣਾ', ਇਹ ਆਖ ਕੇ ਮੇਰੀ ਮਾਂ ਨੇ ਮੈਨੂੰ ਅਜੇਹਾ ਲੁਕੋਣਾ ਜਿਵੇਂ ਮੈਂ ਹੀ ਅੰਗਰੇਜ਼ਾਂ ਤੋਂ ਰਾਜ ਭਾਗ ਖੋਹਣਾ ਹੁੰਦਾ ਹੈ। ਗੱਲ ਸੱਚ ਵੀ ਹੈ । ਅਸੀਂ ਦੁਨੀਆਂ ਵਿੱਚ ਆਏ ਤਾਂ ਅੰਗਰੇਜ਼ਾਂ ਦੇ ਬਿਸਤਰੇ ਗੋਲ ਹੋਣੇ ਸ਼ੁਰੂ ਹੋਏ। ਜੇ ਅਸੀਂ ਨਾ ਆਉਂਦੇ, ਖਬਰੇ ਅੰਗਰੇਜ਼ ਨਾ ਹੀ ਨਿਕਲਦੇ।

ਸਾਡੇ 'ਛਟੀ' ਵਾਲੇ ਕਾਰਜ ਪਿੱਛੋਂ ਅਸੀਂ ਜੋ ਨਵਾਂ ਰੂਪ ਉਘਾੜਿਆ । ਪ੍ਰਾਚੀਨ ਖੋਜ ਪੜਤਾਲ ਤੋਂ ਪਤਾ ਲਗਿਆ ਹੈ, ਬੱਸ ਜੀ ! ਉਸ ਦਿਨ ਦੀ ਸਾਡੀ ਨਵੀਂ ਨੁਹਾਰ ਨੇ ਤਾਂ ਸਾਰੇ ਪਾਸੀਂ ਬੱਲੇ ਬੱਲੇ ਕਰਾ ਦਿੱਤੀ ਸੀ । ਦੁੱਧ ਚੁੰਘਦੇ ਅਸੀਂ ਜੀ ਫੁੱਲ ਕੇ ਕੁੱਪਾ ਹੋ ਗਏ, ਗੋਰੇ ਚਿੱਟੇ ਬਘੌਲੇ ਜਿਹੇ, ਅਖੇ ! ਏਨੇ ਪਿਆਰੇ ਲਗਦੇ ਹੁੰਦੇ, ਕਹਿੰਦੇ! ਹਰੇਕ ਜਣਾ ਸਾਨੂੰ ਗੋਦੀ ਚੁੱਕਣ ਲਈ ਤਰਸਦਾ ਰਹਿੰਦਾ । ਜਦੋਂ ਜੀ ਸਾਡੇ ਸਿਰ ਦੇ ਵਾਲਾਂ ਨੂੰ ਜ਼ਰਾ ਕੁ ਵੱਡੇ ਹੋਣ ਤੇ ਗੁੰਦਿਆ ਜਾਣ ਲੱਗਿਆ ਤੇ ਸਾਡੇ ਸਿਰ ਉੱਤੇ ਨਵੀਂ ਵਿਆਹੁਲੀ ਵਾਂਗ ਛੋਟੇ ਛੋਟੇ ਸੱਗੀ ਫੁੱਲ ਗੁੰਦੇ ਗਏ, ਮੱਥੇ ਉੱਤੇ ਤਿੰਨ ਪੱਤਾਂ ਵਾਲਾ ਟਿੱਕਾ, ਪੈਰੀਂ ਚਾਂਦੀ ਦੇ ਘੁੰਗਰੂਆਂ ਵਾਲੇ ਸਗਲੇ ਤੇ ਗਿਟਕੜੇ ਨਾਲ ਹੀ, ਘੁਗਰੂਆਂ ਵਾਲੇ ਕੰਗਣਾਂ ਦਾ ਛਣਕਾਟਾ ਪਾਉਂਦੇ ਜਦੋਂ ਰੁੜ੍ਹਦੇ ਫਿਰਦੇ ਵੇਹੜੇ ਤੇ ਗਲੀ ਵਿੱਚ ਘੁੰਮਦੇ ਹੁੰਦੇ, ਉਦੋਂ ਨਾ ਸਾਨੂੰ ਕੋਈ ਮੁੰਡਾ ਸਮਝ ਸਕਦਾ ਸੀ ਨਾ ਕੁੜੀ । ਗਹਿਣਿਆਂ ਵਲੋਂ ਅਸੀਂ ਜੀ ਕੁੜੀਆਂ ਨੂੰ ਵੀ ਸ਼ਰਮਾਉਂਦੇ ਹੁੰਦੇ । ਪਰ ਉਦੋਂ ਕੁੜੀਆਂ ਨੂੰ ਅਜਿਹੇ ਗਹਿਣੇ ਵੀ ਕੌਣ ਪਾਉਂਦਾ ਸੀ ? ਇੱਕ ਗੱਲ ਸਮਝ ਨਹੀਂ ਆਉਂਦੀ ਕਿ ਮੁੰਡਿਆਂ ਨੂੰ ਕੁੜੀਆਂ ਬਣਾਉਣ ਲਈ ਉਸ ਜ਼ਮਾਨੇ ਇਸ ਕਿਸਮ ਦੇ ਗਹਿਣੇ ਗੱਟੇ ਕਿਉਂ ਪਾਏ ਜਾਂਦੇ ਸੀ ? ਚਲੋ ਜੀ ਹੁਣ ਇਸ ਗੱਲ ਉੱਤੇ ਬਹੁਤੀ ਬਹਿਸ ਕੀ ਕਰਨੀ ਹੈ, ਹੁਣ ਕੇਹੜਾ ਬਾਲ ਵਰੇਸ ਮੁੜ ਕੇ ਆਉਣ ਲੱਗੀ ਹੈ ? ਜੋ ਲੰਘ ਗਈ ਸੋ ਲੰਘ ਗਈ ।

ਜਦੋਂ ਜੀ ਸਾਡੇ ਸਿਰ ਦੇ ਕੋਮਲ ਵਾਲਾਂ ਦੀਆਂ ਮੀਢੀਆਂ ਗੁੰਦੀਆਂ ਜਾਂਦੀਆਂ ਤੇ ਸੱਗੀ ਫੁੱਲ ਅਤੇ ਪਰਾਂਦੀ ਤੇ ਕਾਲੀ ਡੋਰੀ ਨਾਲ ਬਾਲਪਣ ਦੇ ਸਾਰੇ ਸ਼ਿੰਗਾਰ, ਕੱਸੇ ਜਾਣੇ ਅਸੀਂ ਜੀ ਕਈ ਕਈ ਦਿਨ ਰੋਂਦੇ ਧੋਂਦੇ ਰਹਿੰਦੇ । ਕਹਿੰਦੇ ਜੀ ਬਿਸ਼ਨੋ ਨੈਣ ਦੀਆਂ ਕੱਸ ਕੇ ਕੀਤੀਆਂ ਮੀਢੀਆਂ ਤੇ ਘੁੱਟ ਕੇ

ਗੁੰਦੇ ਸਿਰ ਕਾਰਨ ਅਸੀਂ ਖ਼ੂਬ ਵਿਰਲਾਪ ਕਰਨਾ । ਇੱਕ ਵਾਰੀ ਸਾਰਾ ਈ ਸਿਰ ਉੱਠ ਖੜਿਆ ਸੀ । ਪਰ ਸਾਡੇ ਮਾਪਿਆਂ ਨੂੰ ਲੂਲ੍ਹਾਂ ਲਟਕਾਉਣ ਤੇ ਸੱਗੀ ਫੁੱਲ ਗੁੰਦਣ ਦਾ ਇਤਨਾ ਸ਼ੌਕ ਸੀ, ਵਈ ਸਾਨੂੰ ਰੋਂਦਿਆਂ ਕੁਰਲਾਉਂਦਿਆਂ ਨੂੰ ਦੇਖ ਕੇ ਆਖ ਛੱਡਦੇ,'ਕੋਈ ਗੱਲ ਨਹੀਂ ਪਹਿਲੀ ਵਾਰ ਸਿਰ ਗੁੰਦਣ ਤੋਂ ਦੁੱਖ ਲਗਦਾ ਈ ਹੁੰਦਾ ਹੈ, ਫਿਰ ਆਪੇ ਸਿਰ ਪੱਕਾ ਹੋ ਜਾਊ।' ਜਿਵੇਂ ਜੀ ਫੇਰ ਅਸੀਂ ਸਾਰੀ ਉਮਰ ਵਾਲ ਹੀ ਗੁੰਦਾਉਣੇ ਹੁੰਦੇ ਹਨ ।

ਜਦੋਂ ਅਸੀਂ ਨਾਨਕੀ, ਜਾਂ ਮਾਸੀਆਂ ਭੂਆ ਦੇ ਪਿੰਡ ਜੰਗਲ ਦੇਸ਼ ਵੱਲ ਜਾਣਾ ਫਿਰ ਤਾਂ ਬਿਸ਼ਨੋ ਨੈਣ ਨੇ ਏਨੇ ਕੱਸ ਕੇ ਵਾਲ ਗੁੰਦਣੇ ਵਈ 'ਮੁੰਡਾ ਮਰ ਜਾਏਗਾ ਤੜਾਗੀ ਨਾ ਟੁੱਟੇ' ਵਾਲੀ ਗੱਲ ਹੋ ਜਾਣੀ । ਮੇਰੀ ਮਾਂ ਤੋਂ ਵੱਡੀ ਉਮਰ ਦੀ ਬਿਸ਼ਨੋ ਨੈਣ ਨੇ ਪ੍ਰੇਮ ਨਾਲ ਸਿਰ ਗੁੰਦ ਕੇ ਆਖਣਾ 'ਲੈ ਅੰਮਾ' ਇੱਕ ਵਾਰੀ ਤਾਂ ਮੈਂ ਆਪਣੇ ਲਉਢੇ ਦਿਉਰ ਦਾ ਇਹੋ ਜਿਹਾ ਸਿਰ ਕੀਤੈ! ਵਈ ਭਾਵੇਂ ਸਾਰੇ ਰਿਸ਼ਤੇ ਨਾਤਿਆਂ ਵਿੱਚ ਜਾ ਆਵੇ ਮਜ਼ਾਲ ਐ ਮੀਢੀਆਂ ਖੁੱਲ੍ਹਣ।' ਸਿਰ ਦੀ ਚਮੜੀ ਬੇਸ਼ੱਕ ਉੱਧੜ ਜਾਵੇ, ਪਰ ਮੀਢੀਆਂ ਦਾ ਇਕ ਵਾਲ ਕੇਹੜਾ ਬਾਹਰ ਨਿਕਲ ਸਕਦਾ ਹੈ। ਹੋਰ ਜੁਆਕਾਂ ਵਾਂਗ ਮੂੰਹ ਵਿੱਚ ਵਾਲ ਨਹੀਂ ਪੈਣਗੇ । ਸਿਰ ਉੱਤੇ ਜਦੋਂ ਜੀ, ਉਸਨੇ ਕੱਸਵਾਂ ਠੋਲਾ ਮਾਰਨਾ ਜੋ ਉਸ ਦਾ ਆਪਣੇ ਲਉਢੇ ਦਿਉਰ ਨਾਲ, ਵੱਡੀ, ਨਾ ਸੱਚ ਮਹਾਂ ਵੱਡੀ, ਭਾਬੀ ਦੀ ਮੁਹੱਬਤ ਦਾ ਕਲੋਲ ਹੁੰਦਾ ਸੀ, ਤਣਾਵਾਂ ਨਾਲ ਕੱਸੇ ਹੋਏ ਢੋਲ ਵਾਂਗ, ਸਾਡਾ ਸਿਰ, ਉੱਪਰ ਨਾਲੋਂ ਵੱਧ ਅੰਦਰੋਂ ਅਜੇਹਾ ਗੂੰਜਣਾ ਕਿ ਅਸੀਂ ਉਸ ਦੇ ਨਾਲ ਹੀ ਸਮੇਂ ਦਾ ਰਾਗ ਅਲਾਪ ਦੇਣਾ। ਇਸ ਬੇ-ਤਾਲੇ ਰਾਗ ਦਾ ਅਲਾਪ, ਜੋ ਅਸਲ ਵਿੱਚ ਵਿਰਲਾਪ ਹੁੰਦਾ ਸੀ, ਉਤਨਾ ਚਿਰ ਇਹ ਭੈਰਓ ਰਾਗ ਫਿਰ ਬੰਦ ਕਿਵੇਂ ਹੁੰਦਾ ਜਿਤਨਾ ਚਿਰ ਸਿਰ ਵਿੱਚ ਸੁਰਾਂ ਟੁਣਕਦੀਆਂ ਰਹਿਣ? ਸਾਡੀਆਂ ਕੱਸੀਆਂ ਹੋਈਆਂ ਮੀਢੀਆਂ ਤੋਂ ਪੀੜਾਂ ਉੱਠਦੀਆਂ ਰਹਿਣੀਆਂ ਤੇ ਅਸੀਂ ਜੀ ਰੋਂਦੇ ਰਹਿਣਾ । ਕਦੇ ਕਦੇ ਵਾਲਾਂ ਦੀਆਂ ਮੀਢੀਆਂ ਦਾ ਖਿੱਚਾਅ ਗੂੜ੍ਹੀ ਨੀਂਦ ਖ਼ੁਮਾਰੀ ਵੇਲੇ ਵੀ-ਜੋ ਕਹਿੰਦੇ ਸੂਲੀ ਉੱਤੇ ਵੀ ਆ ਜਾਂਦੀ ਹੈ-ਝੂੰਮਦੇ ਸਿਰ ਤੇ ਲਟਕਦੇ ਜੁੱਸੇ ਨੂੰ ਏਸੇ ਅਭਿਆਸ (ਰਿਆਜ਼) ਵਿੱਚ ਲਾਈ ਰੱਖਦਾ । ਵਾਂਹਡੇ ਜਾਂ, ਸਾਕ ਸਕੀਰੀ ਵਿੱਚ ਜਾਣ ਲਈ, ਜਦੋਂ ਸਾਨੂੰ ਨਵੀਂ ਦੁਲਹਨ ਵਾਂਗ ਪੂਰੀ ਤਰ੍ਹਾਂ ਸਜਾਇਆ ਜਾਂਦਾ, ਫਿਰ ਘਰਦਿਆਂ ਨੂੰ ਨਜ਼ਰ ਲੱਗਣ ਦਾ ਡਰ ਭੂਤਾਂ ਵਾਂਗ ਆ ਚਿੰਬੜਦਾ। ਸਾਡੀ ਸੁੰਦਰਤਾ ਬਣਾਉਟੀ ਗੁੱਡੀਆਂ ਨੂੰ ਮਾਤ ਪਾਉਣ ਵਾਲੀ ਦੇਖਕੇ, ਜੋ ਕੋਈ ਪਾਰਖੂ ਹੁੰਦਾ ਤਾਂ ਜ਼ਰੂਰ ਸਾਡੇ ਘਰਦਿਆਂ ਨੂੰ ਪੁੱਛਦਾ,'ਵਈ ਇਹ ਲੀਰਾਂ ਦਾ ਬੁੱਧੂ ਤਾਂ ਹੈ ਨਹੀਂ, ਨਾ ਹੀ ਰਬੜ ਦਾ ਬਾਵਾ ਹੈ, ਤੁਸੀਂ ਹੁਣ ਇਸਨੂੰ 'ਕਾਕਾ' ਵੀ ਨਹੀਂ ਰਹਿਣ ਦਿੱਤਾ, ਇਸ ਮੁੰਡੇ ਦਾ ਹੁਲੀਆ ਦੱਸੋ ਕੀ ਬਣਾਇਆ ਹੈ, ਘਰ ਦੇ ਬਖ਼ੂਬੀ ਏਹੋ ਜਵਾਬ ਦਿੰਦੇ ਕਿ 'ਅਸੀਂ ਤਾਂ ਜੀ ਇਸਨੂੰ ਪਿੰਡ ਦੇ ਜੁਆਕਾਂ ਵਿੱਚੋਂ ਇੱਕ ਵਾਰੀ ਸਿਰ ਕੱਢਵਾਂ ਜਾਂ ਵਿਲੱਖਣ ਬਣਾ ਦਿੱਤਾ ਹੈ, ਭਾਵੇਂ ਕੋਈ ਕੁੱਝ ਕਹੇ ।'

ਦੇਹਲੀਓਂ ਪੈਰ ਬਾਹਰ ਕੱਢਣ ਤੋਂ ਪਹਿਲਾਂ ਜੀ ਸਾਡੀ ਸੁੰਦਰਤਾ ਨੂੰ ਕਰੂਪਤਾ ਵਿੱਚ ਬਦਲਣ ਦੇ ਉਪਾਉ ਹੋ ਜਾਣੇ । ਜਦੋਂ ਅਸੀਂ ਥੋੜ੍ਹੇ ਸਜੇ ਹੋਣੇ ਤਾਂ ਹੁਸੀਨਾਂ ਦੇ ਮੁੱਖੜੇ ਦੇ ਤਿਲ ਨਾਲੋਂ ਵੱਡਾ ਚਟਾਕ, ਸਾਡੀ ਠੋਡੀ ਜਾਂ ਮੱਥੇ ਉੱਤੇ ਪੁੱਠੇ ਤਵੇ ਦੀ ਕਾਲਖ਼ ਦਾ ਦਾਗ਼ ਦਿੱਤਾ ਜਾਂਦਾ। ਜਦੋਂ ਕਦੇ ਅਸੀਂ ਬਣੇ ਠਣੇ ਹੋਏ ਘਰਦਿਆਂ ਨੂੰ ਬਹੁਤੇ ਹੀ ਸੋਹਣੇ ਲਗਣੇ, ਉਹਨਾਂ ਨੇ ਹੋਰ ਕਾਲਖ਼ ਥੱਪ ਦੇਣੀ, ਵਈ ਸਾਡਾ ਮੁੰਡਾ ਕਿਸੇ ਬੰਦੇ ਨੂੰ ਸੋਹਣਾ ਨਾ ਲਗ ਜਾਵੇ ।

ਇਕ ਵਾਰੀ ਕਹਿੰਦੇ ! ਇਸ ਤਰ੍ਹਾਂ ਦੇ 'ਉਪਾਉ' ਕੀਤੇ ਬਿਨਾਂ ਮੇਰਾ ਚਾਚਾ ਨਿਧਾਨ ਸਿੰਘ ਕਹਿੰਦੇ ਮੈਨੂੰ ਬਾਹਰਲੇ ਘਰ ਗੋਦੀ ਚੁੱਕ ਕੇ ਖਿਡਾ ਰਿਹਾ ਸੀ, ਉੱਧਰੋਂ ਭੋਲਾ ਸਿੰਘ ਬੁੜ੍ਹਾ ਆ ਗਿਆ, ਉਸ ਦੀ ਜਿਉਂ ਹੀ ਅਸਾਡੇ 'ਸੁੰਦਰ-ਸਰੂਪ' 'ਤੇ ਨਿਗਾਹ ਪਈ, ਉਥੇ ਹੀ ਪੈਰ ਗੱਡ ਕੇ ਖੜ੍ਹ ਗਿਆ । ਸਾਡੀਆਂ ਅਲੋਕਾਰੀਆਂ ਗਲ੍ਹਾਂ ਤੇ ਅਦਾਵਾਂ ਦੇਖ ਕੇ ਉਸ ਨੇ ਕਿਹਾ,"ਨਿਧਾਨ ਸਿੰਘਾ ਮੁੰਡਾ ਤਾਂ ਪੱਟੂ ਬੜਾ ਤਿੱਖਾ ਲਗਦੈ, ਅੱਖ ਦੇਖ ਹਰਨ ਵਰਗੀ ਕਿੰਨੀ ਸੋਹਣੀ ਹੈ, ਕਿਵੇਂ ਭੁੱਟ ਭੁੱਟ ਝਾਕਦੇ, ਰੱਬ ਉਮਰ ਲਾਵੇ ।'

ਉਸ ਦੀ 'ਅਸੀਸ' ਸੀ ਕਿ 'ਦੁਰਾਸੀਸ', ਬਸ ਜੀ ਉਹੋ ਦਿਨ ਹੱਦ, ਸਾਡੀਆਂ ਅੱਖਾਂ ਨ੍ਹੀ ਆਈਆਂ, ਵਈ ਆ ਕੇ ਜਾਣ ਦਾ ਨਾਉਂ ਈ ਨਾ ਲੈਣ । ਗੰਨੀਆਂ ਸੁੱਜ ਕੇ ਗੁਲਗੁਲੇ ਹੋ ਗਈਆਂ । ਅੱਖਾਂ ਗਿੱਡ ਨਾਲ ਭਰ ਭਰ ਜਾਣ । ਘਰਦਿਆਂ ਨੇ ਬਥੇਰੇ ਟੂਣੇ-ਟਾਮਣ ਤੇ ਹਥੋਲੇ (ਹਥਾਉਲੇ) ਕਰਾਏ ਦੂਰੋਂ ਨੇੜਿਓਂ ਸਿਆਣਿਆਂ ਤੋਂ ਪਾਣੀ ਕਰਾ ਕਰਾ ਕੇ ਛਿੱਟੇ ਮਾਰੇ, ਦੋ ਮਹੀਨੇ ਫਿਰ ਜੀ ਅਸੀਂ ਉਹ ਕਸ਼ਟ ਭੋਗਿਆ, ਵਈ ਅੱਖਾਂ ਨੇ ਤਾਂ ਕੀ ਹਟਣਾ ਸੀ, ਪੁੜ ਪੁੜੀਆਂ ਵੀ ਆ ਗਈਆਂ, ਜਾਣੀ ਉੱਠ ਖੜ੍ਹੀਆਂ । ਕਿਸੇ ਸਿਆਣੇ ਦੇ ਕਹੇ 'ਤੇ ਉੱਧਰ ਤਾਂ ਜੀ ਸਾਡੀਆਂ ਅੱਖਾਂ ਵਿਚ ਜ਼ਿੰਕਲੋਸ਼ਨ ਪਾਉਣ ਲੱਗੇ, ਨਾਲੋ ਨਾਲ ਰਾਤਾਂ ਨੂੰ ਬੱਕਰੀ ਦੇ ਦੁੱਧ ਦੇ ਫਹੇ ਬੰਨ੍ਹਣੇ, ਨਾਲ ਈ ਸਾਡੀ ਸੁੰਦਰਤਾ ਬਾਰੇ ਨਜ਼ਰ ਦਾ ਉਪਾਉ ਕਰਨ ਲਈ, ਭੋਲੇ ਬੁੜ੍ਹੇ ਦੇ ਪੈਰਾਂ ਦੀ ਮਿੱਟੀ ਚੁੱਕ ਕੇ ਚੁੱਲ੍ਹੇ ਵਿੱਚ ਫੂਕੀ ਗਈ। ਸਾਡੇ ਸਿਰ ਉੱਤੋਂ ਦੀ ਵਾਰ ਕੇ ਲਾਲ ਮਿਰਚਾਂ ਅੱਗ ਵਿਚ ਸੁੱਟੀਆਂ ਗਈਆਂ, ਸਾਰਿਆਂ ਉਪਾਵਾਂ ਤੇ ਦੁਆਈਆਂ ਦੇ ਬਲ ਨਾਲ ਅਸੀਂ ਮਸਾਂ ਮਸਾਂ ਮੁੜ ਕੇ ਜੱਗ ਦੀ ਰੌਸ਼ਨੀ ਦੇਖਣ ਜੋਗੇ ਹੋਏ। ਜੇ ਇਹ ਉਪਾਉ ਨਾ ਹੁੰਦੇ, ਨਾ ਜਾਣੀਏ 'ਪ੍ਰਾਚਖਸ਼ੂ' ਬਣ ਕੇ ਦੌਧਰ ਦੇ ਅੰਨ੍ਹਿਆਂ ਸਾਧਾਂ ਵਾਲੇ ਡੇਰੇ ਦੇ ਰਾਗੀਆਂ ਤੋਂ ਚਾਰ ਸਰਗਮਾਂ ਸਿੱਖ ਕੇ ਜੂਨ ਗੁਜ਼ਾਰਾ ਕਰਨਾ ਪੈਂਦਾ। ਜਾਂ ਫਿਰ ਕਿਸੇ ਡੇਰੇ ਗੁਰਦੁਆਰੇ ਤੇ ਮੰਦਰ ਵਿੱਚ ਕਥਾ ਵਾਚਕ ਹੁੰਦੇ ।

ਉਸ ਤੋਂ ਪਿੱਛੋਂ, ਫਿਰ ਜਦੋਂ ਜੀ ਸਾਨੂੰ ਘਰਦਿਆਂ ਬਾਹਰ ਲੈ ਕੇ ਜਾਣਾ, ਸੌ ਓਹੜ ਪੋਹੜ ਕਰਨੇ । ਫੇਰ ਭੋਲਾ ਸਿੰਘ ਬੁੜ੍ਹਾ ਤਾਂ ਜਿੱਥੇ ਦਿਸਣਾ ਸਾਨੂੰ ਝੱਟ ਲੁਕੋ ਲੈਣਾ, ਜਿਵੇਂ ਉਹ ਬੱਚੇ ਚੁੱਕਣ ਵਾਲੇ ਗਰੋਹ ਦਾ ਮੈਂਬਰ ਹੁੰਦਾ ਹੈ । ਸਾਨੂੰ ਨਜ਼ਰ ਫਜ਼ਰ ਤੋਂ ਬਚਾਉਣ ਦੇ ਫਿਰ ਪੱਕੇ ਪ੍ਰਬੰਧ ਕੀਤੇ ਗਏ । ਇੱਕ ਪਾਣੀ ਦੀ ਬੋਤਲ ਘਰੇ ਵੱਡੇ ਆਲੇ ਵਿਚ ਕਰਾ ਕੇ ਰੱਖੀ ਗਈ । ਘਰੇ ਵੜਨ ਵੇਲੇ ਉਸ ਦੇ ਛਿੱਟੇ ਦਿੱਤੇ ਜਾਂਦੇ, ਵਈ ਜੇ ਕੋਈ ਇਲ-ਬਲਾ, ਮੰਦਭਾਵਨਾ ਨਾਲ ਗੁਪਤੋ-ਗੁਪਤੀ ਪਿੱਛਾ ਕਰਦੀ ਸਾਡੇ ਨਾਲ ਆ ਰਹੀ ਹੋਵੇ ਤਾਂ ਇਸ ਮੰਤਰ ਪੜ੍ਹ ਕੇ ਤਿਆਰ ਕੀਤੇ ਵਿਘਨ-ਹਰਨ ਪਾਣੀ ਦੇ ਛਿੱਟੇ ਪੈਂਦਿਆਂ ਸਾਰ ਹੀ ਝੜ ਜਾਵੇ ਜਾਂ ਨੱਸ ਜਾਵੇ, ਇਸ ਤਰ੍ਹਾਂ ਸਾਡੇ ਤੋਂ ਮੰਦੇ ਪ੍ਰਭਾਵ ਦੂਰ ਕਰਨ ਲਈ ਹਰ ਹੀਲਾ ਕੀਤਾ ਜਾਂਦਾ ਰਿਹਾ । ਇੱਕ ਪੱਕੇ ਤੌਰ 'ਤੇ ਸਦਾ ਅੰਗ ਸੰਗ ਰਹਿਣ ਵਾਲਾ ਹੋਰ ਪ੍ਰਬੰਧ ਕੀਤਾ ਗਿਆ, ਇਲਾਕੇ ਦੇ ਮੰਤ੍ਰਾਂ ਤੰਤ੍ਰਾਂ ਵਾਲੇ ਸਿਆਣੇ ਤੋਂ ਜੰਤ੍ਰ ਲਿਖਾ ਕੇ ਚਾਂਦੀ ਦੇ ਚਿੱਟੇ ਤਵੀਤ ਵਿੱਚ ਮੜ੍ਹਾ ਕੇ, ਕਾਲੀ ਲੋਗੜੀ ਵਿੱਚ ਪਰੋ ਕੇ ਸਾਡੇ ਗਲ ਵਿੱਚ ਲਟਕਾ ਦਿੱਤਾ । ਬਸ ਜੀ ਫੇਰ ਕੀ ਸੀ 'ਨੰਗ ਪੁੱਤ ਚੋਰਾਂ ਨਾਲ ਖੇਡੇ ।' ਅਸੀਂ ਨੰਗੇ ਤਾਂ ਨਾ ਹੋਏ ਪਰ ਏਨੇ ਉਪਾਵਾਂ ਦੇ ਕਰਨ ਪਿੱਛੋਂ ਨਿਸੰਗ ਜ਼ਰੂਰ ਹੋ ਗਏ ਸੀ । ਫਿਰ ਜੀ ਸਾਨੂੰ ਉੱਡਾਰ ਹੋਇਆ ਦੇਖ ਕੇ ਘਰਦਿਆਂ ਨੇ ਨੇੜੇ ਤੇੜੇ ਵੱਖਰੇ ਆਉਣ ਜਾਣ ਦੀ ਖੁੱਲ੍ਹ ਦੇ ਦਿੱਤੀ - ਹਰ ਦਮ ਰੱਖਿਆ ਕਰਨ ਲਈ ਗਲ ਵਿੱਚ ਕਰਾ ਕੇ ਪਾਇਆ ਤਵੀਤ ਜੋ ਅੰਗ ਸੰਗ ਹਾਜ਼ਰ ਹੁੰਦਾ ਸੀ - ਜਿਸ ਦੇ ਇਕ ਪਾਸੇ ਕਹਿੰਦੇ,'ਤਾਤੀ ਵਾਉ ਨਾ ਲਾਗਈ' ਵਾਲਾ ਸ਼ਬਦ ਵੀ ਲਿਖਿਆ ਹੋਇਆ ਸੀ ।

ਹੱਡ ਗੋਡੇ ਭਨਾ ਕੇ ਅਸੀਂ ਜੀ ਤੁਰਨ ਫਿਰਨ ਕੀ ਲਗੇ, ਘਰਦਿਆਂ ਲਈ ਬਿਪਤਾ ਬਣ ਗਏ । ਘਰ ਦੇ ਕਹਿਣ ਵਈ ਐਸੇ ਮੰਦੇ ਸਮੇਂ ਮੁੰਡੇ ਦਾ ਘਰੋਂ ਪੈਰ ਨਿਕਲਿਆ ਹੈ, ਬਸ ਮੁੜ ਕੇ ਫਿਰਦਾ ਹੀ ਨਹੀਂ ਦਿਸਦਾ । ਜਦੋਂ ਅਸੀਂ ਰਤਾ ਕੁ ਨੱਸਣਾ ਭੱਜਣਾ, ਪੈਰਾਂ ਵਿੱਚ ਪਾਏ ਚਾਂਦੀ ਦੇ

ਸਗਲਿਆਂ, ਨਜ਼ਰ ਬੱਟੂ, ਸ਼ੇਰਾਂ ਦੀਆਂ-ਚਾਂਦੀ ਮੜ੍ਹੀਆਂ ਹੋਈਆਂ ਨਹੁੰਦਰਾਂ ਵੱਖ ਛਣਕਣੀਆਂ। ਪੈਰਾਂ ਦੇ ਪਾਉਂਟੇ, ਹੱਥਾਂ ਦੇ ਕੰਗਣ ਅਤੇ ਤੜਾਗੀ ਨਾਲ ਲੱਗੇ ਚਾਂਦੀ ਦੇ ਘੁੰਗਰੂਆਂ ਨੇ ਇਹਨਾਂ ਸਾਜ਼ਾਂ ਨਾਲ ਜਦੋਂ ਆਪਣੀ ਸੁਰ ਮੇਲਣੀ ਤਾਂ ਕਈ ਜਲ-ਤਰੰਗ ਮਾਤ ਪੈ ਜਾਣੇ । ਅਸੀਂ ਜੀ ਜਿੱਧਰ ਜਾਣਾ ਛਣਕਾਟੇ ਈ ਪੈਂਦੇ ਫਿਰਨੇ ।

ਉਦੋਂ ਅਸੀਂ ਜੀ, ਨਾ ਐਡੀਟਰ ਸੀ ਤੇ ਨਾ ਲਿਖਾਰੀ, ਤੇ ਨਾ ਹੀ ਕਿਸੇ ਸਭਾ ਸੁਸਾਇਟੀ ਤੇ ਕਮੇਟੀ ਦੇ ਮੈਂਬਰ, ਬੱਸ ਨਿਰੇ ਖਿਡੌਣੇ ਹੁੰਦੇ ਸਾਂ, ਜਿਸ ਨਾਲ ਹਰ ਵੱਡਾ ਛੋਟਾ ਆਉਂਦਾ ਜਾਂਦਾ ਜੀਅ ਪਰਚਾਉਂਦਾ ਤੇ ਮਨ ਖ਼ੁਸ਼ ਕਰਕੇ ਲੰਘ ਜਾਂਦਾ ਸੀ ।

ਭਾਵੇਂ ਉਮਰ ਦੇ ਤਾਂ ਅਸੀਂ ਤੁਹਾਨੂੰ ਪਤਾ ਲੱਗ ਈ ਗਿਆ ਹੈ ਵਈ ਨਰਮ ਹੀ ਸਾਂ, ਬਸ ਚਾਰ ਪੰਜ ਵਰ੍ਹਿਆਂ ਦੇ ਤੋਤਲੀਆਂ ਗੱਲਾਂ ਕਰਨ ਵਾਲੇ ਰੌਣੇਭੌਣੇ, ਪਰ ਤੁਹਾਨੂੰ ਹੈਰਾਨੀ ਹੋਵੇਗੀ ਜਦੋਂ ਅਸੀਂ ਉਸ ਵੇਲੇ ਆਪਣੇ ਮੁਖਾਰ-ਬਿੰਦ ਤੋਂ ਚੰਗੀ ਤਰ੍ਹਾਂ 'ਬਾਬਾ' ਲਫ਼ਜ਼ ਵੀ ਆਖ ਨਹੀਂ ਸੀ ਸਕਦੇ, ਹਾਂ ਜੀ ! ਉੱਚੇ ਥਾਂ ਲਗਦੇ ਹੋਣ ਕਰਕੇ ਪਿੰਡ ਦੀਆਂ ਕਈ ਵਡ-ਉਮਰੀਆਂ ਬਹੂਆਂ ਤੇ ਮਨੁੱਖਾਂ ਦੇ 'ਬਾਬੇ' ਲਗਦੇ ਹੁੰਦੇ ਸਾਂ। ਇਉਂ ਸਮਝੋ ਅਸੀਂ ਜਮਾਂਦਰੂ 'ਬਾਬੇ' ਈ ਹੋਏ। ਤੇ ਚਾਚੇ ਤਾਂ ਅੱਧੇ ਪਿੰਡ ਦੇ ਅਸੀਂ ਪਿੰਡ ਦੀ ਰੀਤੀ ਮੁਤਾਬਕ ਜੰਮਣ ਤੋਂ ਪਹਿਲਾਂ ਹੀ ਸਾਂ ।

ਮੇਰੇ ਬਾਪੂ ਦਾ ਹਾਣੀ, ਮੰਤੂ ਨਾਈ, ਜਿਸ ਦਾ ਸੌ ਪਿੰਡ ਦੇ ਮੰਨੇ ਹੋਏ ਤਰੀਕੇ ਨਾਲ, ਮੈਂ 'ਚਾਚਾ' ਲਗਦਾ ਸੀ, ਮੈਨੂੰ ਮਾਣ ਨਾਲ 'ਤਾਇਆ' ਆਖਿਆ ਕਰਦਾ, ਜਿਵੇਂ ਮੈਂ ਉਸ ਦੇ ਬਾਪ ਤੋਂ ਵੀ ਵੱਡਾ ਹੁੰਦਾ ਹਾਂ ।

ਪਿੰਡ ਵਿੱਚ ਘਰ ਦਾ ਕੰਨ੍ਹਾ ਵੱਡੇ ਥਾਂ ਹੋਣ ਕਰਕੇ ਅਸੀਂ ਉਦੋਂ ਕਈਆਂ ਬਹੂਆਂ ਤੇ ਸਵਾਣੀਆਂ ਦੇ ਸੌਹਰਿਆਂ ਦੇ ਥਾਂ ਤਾਂ ਹੋਣਾ ਹੀ ਸੀ । ਕਈ ਵੱਡ-ਉਮਰੀਆਂ ਭਰਜਾਈਆਂ ਨੇ, 'ਇਹ ਤਾਂ ਮੇਰੇ ਲੌਢਾ ਦਿਓਰ ਕੱਚਾ ਈ ਖਾਣ ਵਾਲੈ, ਆਖ ਕੇ' ਸਾਨੂੰ ਜੀ ਦੰਦੀਏ ਖਾ ਜਾਣਾ ਤੇ ਚੂੰਡੀਆਂ ਨਾਲ ਵਿੰਨ੍ਹ ਛੱਡਣਾ । ਸਾਡੀਆਂ ਸ਼ਰਮ ਦੀਆਂ ਮਾਰੀਆਂ ਕਈ ਮਾਂ ਦੇ ਹਾਣ ਦੀਆਂ 'ਨੂੰਹਾਂ' ਨੇ ਬੀਚ-ਬਚਾਓ ਕਰਾਉਣਾ', -'ਨਾ ਨੀ ਅੰਮਾਂ, ਸਾਡੇ ਛੋਟੇ ਜਿਹੇ ਬਾਬੇ (ਵਾਵੇ ਨੂੰ ਨਹੀਂ) ਐਵੇਂ ਈ ਨਾ ਛੇੜੀ ਜਾਵੋ, ਵਿਚਾਰਾ ਰੋ ਪਊਗਾ ।' ਉਹਨਾਂ ਨੇ ਜ਼ੋਰ ਨਾਲ ਜਦੋਂ ਅਜਿਹੇ 'ਰਖਸ਼ਾ' ਦੇ ਯਤਨ ਕਰਨੇ ਤਾਂ ਕਿਧਰੇ ਸਾਡੀ ਜਾਨ ਖ਼ਲਾਸੀ ਹੋਣੀ । ਮੇਰੇ ਬਾਪੂ ਦੇ ਕਈ ਹਾਣੀਆਂ ਨੇ ਜਦੋਂ ਮੈਨੂੰ 'ਬਾਬਾ' ਜਾਂ 'ਚਾਚਾ' ਆਖਣਾ ਜਿਵੇਂ ਪਹਿਲੇ ਜਨਮ ਵਿੱਚ ਵੀ ਮੈਂ ਕਈਆਂ ਦੀਆਂ ਮਾਵਾਂ ਦਾ ਸੌਹਰਾ ਜਾਂ ਦਿਉਰ ਜੇਠ ਹੁੰਦਾ ਹਾਂ, ਤਾਂ ਮੈਨੂੰ ਗੁੱਸਾ ਚੜ੍ਹ ਜਾਣਾ। ਪਰ ਗੁੱਸੇ ਹੋ ਕੇ ਕੀ ਕਰ ਸਕਦੇ ਸਾਂ,-ਕਾਠ ਦੀ ਹਾਂਡੀ ਉਬਲੇਗੀ ਤਾਂ ਆਪਣੇ ਈ ਕੰਢੇ ਸਾੜੇਗੀ । ਮੈਂ ਗੁੱਸੇ ਹੋਣਾ, ਤਾਂ ਉਹਨਾਂ ਲਈ ਹੋਰ ਤਮਾਸ਼ਾ ਬਣ ਜਾਣਾ । ਮਦ-ਹੋਸ਼ੀ ਜਿਹੀ ਵਿੱਚ ਲੰਘਾਇਆ ਇਹ ਬਚਪਨ ਕਿੰਨਾ ਖੱਟ-ਮਿੱਠਾ ਤੇ ਸੁਆਦਲਾ ਸੀ । ਹੁਣ ਜਦੋਂ ਯਾਦ ਆਉਂਦਾ ਹੈ ਤਾਂ ਮਨ ਸੁਆਦਲੀਆਂ ਯਾਦਾਂ ਨਾਲ ਭਰ ਜਾਂਦਾ ਹੈ ।

